# ਰੱਬ ਲੂਲ੍ਹਾ ਬਣ ਆਇਆ

ਡਾ. ਗੁਰਨਾਇਬ ਸਿੰਘ*

**ਤਿੰਨ ਭਗਤ**

ਪੰਜਾਬ ਤਿੰਨ ਭਗਤਾਂ ਨੂੰ ਜਾਣਦਾ ਹੈ : ਪੂਰਨ ਭਗਤ, ਸ਼ਹੀਦ ਭਗਤ ਸਿੰਘ ਅਤੇ ਭਗਤ ਪੂਰਨ ਸਿੰਘ । ਤਿੰਨੋਂ ਭਗਤ ਪੰਜਾਬ ਦੇ ਜਤੀ ਪੁੱਤ ਹਨ। ਪੰਜਾਬ ਨੂੰ ਇਹ ਕਿੰਨੇ ਪਿਆਰੇ ਹਨ ਇਸ ਬਾਰੇ ਗਿਣਤੀ ਮਿਣਤੀ ਅਕੱਥ ਹੈ। ਇਸ ਦੀ ਲੋੜ ਵੀ ਨਹੀਂ । ਬਸ, ਇਹੋ ਇਕ ਵਾਕ ਬਹੁਤ ਹੈ :

ਇਨ੍ਹਾਂ 'ਚੋਂ ਕਿਸੇ ਇਕ ਨੂੰ ਸਿਮਰੋ ਤਾਂ ਤਿੰਨੇ ਸਿਮਰ ਹੋ ਜਾਂਦੇ ਹਨ !

ਇੱਥੇ ਜਿਸ ਭਗਤ ਨੂੰ ਸਿਮਰਨਾ ਹੈ ਉਸ ਦੀ ਪਛਾਣ ਇਕ ਲੂਲ੍ਹੇ ਨੇ ਬਣਾਈ ਹੈ ।

**ਰੱਬ ਨਾਲ ਮੱਥਾ**

ਮਹਾਨ ਕੋਸ਼ ਵਿਚ ਸ਼ਬਦ ਲੂਲ੍ਹਾ ਦੇ ਅਰਥ ਇਹ ਦਰਜ ਹਨ: ਵਿ-ਪੈਰ ਰਹਿਤ, ਜਿਸ ਦੇ ਪੈਰ ਨਹੀਂ, ਜਿਸਦੀਆਂ ਲੱਤਾਂ ਮਾਰੀਆਂ ਗਈਆਂ ਹੋਣ। ਪਰ ਇਸ ਅਰਥ ਤੋਂ ਅਲੱਗ ਜੇਕਰ ਹੋਰ ਵਿਸਥਾਰ ਨਾਲ ਸਮਝਣਾ ਹੋਵੇ ਤਾਂ ਆਖਾਂਗੇ: ਉਹ ਮਾਨਵ ਜਿਹੜਾ ਮਾਂ ਅੰਦਰ ਬਣੇ ਕੁਦਰਤ ਦੇ ਆਵੇ 'ਚ ਮਨ ਤੇ ਤਨ ਤੋਂ ਪਿੱਲਾ ਹੀ ਰਹਿ ਜਾਵੇ, ਪਿੱਲਾ ਭਾਂਡਾ, ਪਿੱਲੀ ਇੱਟ, ਅੱਲਾ ਆਂਡਾ! ਕਿਸ ਕੰਮ ਨੇ ਇਹ, ਜਿਸ ਨੂੰ ਰੱਬ ਨੇ ਹੀ ਇਵੇਂ ਰੱਖਿਆ ਹੋਵੇ ; ਕੋਈ ਹੋਰ ਉਸਦਾ ਕੀ ਸਵਾਰ ਸਕਦਾ ਹੈ। ਉਸ ਪ੍ਰਤੀ ਕਿਸੇ ਵੱਲੋਂ ਯਤਨ ਰੱਬ ਦੀ ਕੀਤੀ ਨਾਲ ਮੱਥਾ ਲਾਉਣ ਦੇ ਤੁੱਲ ਹੁੰਦੇ ਹਨ ਅਰਥਾਤ ਰੱਬ ਨੂੰ ਵੰਗਾਰਨਾ ਹੁੰਦਾ ਹੈ। ਭਗਤ ਪੂਰਨ ਸਿੰਘ ਨੇ ਲੂਲ੍ਹੇ ਬੱਚੇ ਨੂੰ ਗਲ ਨਾਲ ਲਾ ਇਹੋ ਕੀਤਾ ਸੀ ।

ਭਗਤ ਜੀ ਵੱਲੋਂ ਇਸ ਲੂਲ੍ਹੇ ਦੀ ਸੇਵਾ ਦਾ ਸੰਕਲਪ ਲੈ ਲੈਣ ਉੱਤੇ ਅੰਬਰੀਂ ਬੈਠਾ ਰੱਬ ਜ਼ਰੂਰ ਹੱਸਿਆ ਹੋਵੇਗਾ । ਰੱਬ ਦਾ ਇਹ ਹਾਸਾ ਹੀ ਰੱਬ ਨੂੰ ਬੇਵੱਸ ਕਰ ਗਿਆ ਹੋਵੇਗਾ ਭਗਤ ਜੀ ਦਾ ਆਸਰਾ ਬਣ ਜਾਣ ਲਈ । ਗੁਰਬਾਣੀ ਵਾਕ ਹੈ : ***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥*** ਰੱਬ ਦੇ ਤਾਣ ਨੂੰ ਮਨ ਅੰਦਰ ਵਸਾ ਭਗਤ ਜੀ ਨੇ ਲੂਲ੍ਹੇ ਨੂੰ ਗਲ ਨਾਲ ਲਾਇਆ ਅਤੇ ਰੱਬ ਵੱਲੋਂ ਅੱਲੇ ਰੱਖੇ ਬੱਚੇ ਨੂੰ ਸੰਭਾਲਣ ਦੀ ਸੇਵਾ ਹਿੱਤ ਰੱਬ ਨੇ ਬੇਵੱਸ ਹੋ ਭਗਤ ਜੀ ਨੂੰ ਸਮਰੱਥ ਬਖ਼ਸ਼ਿਆ । ਕਿਹੋ ਜਿਹਾ ਰਿਸ਼ਤਾ ਉੱਸਰ ਗਿਆ ਹੋਵੇਗਾ ਉਸ ਪਲ ਰੱਬ ਦਾ ਭਗਤ ਜੀ ਨਾਲ, ਕਥਨਾ ਔਖਾ ਹੈ ।

ਇਹ ਲੂਲ੍ਹਾ ਬੱਚਾ ਭਗਤ ਜੀ ਨੂੰ ਸੰਨ ੧੯੩੪ ਈ. ਵਿਚ ਗੁਰਦੁਆਰਾ



ਡੇਹਰਾ ਸਾਹਿਬ ਲਾਹੌਰ ਤੋਂ ਮਿਲਿਆ ਸੀ। ਲਾਹੌਰ ਵਿਖੇ ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਥਾਨ ਉੱਤੇ ਉੱਸਰਿਆ ਹੋਇਆ ਹੈ । ਲੂਲ੍ਹੇ ਬੱਚੇ ਵਾਲੀ ਦਰਦ ਭਰੀ ਵਾਰਤਾ ਸੰਕੇਤ-ਮਾਤਰ ਇਸ ਤਰ੍ਹਾਂ ਵਾਪਰੀ ਸੀ: ਕਿਰਸਾਨ ਦੇ ਸੀਰੀ ਘਰ ਲੂਲ੍ਹਾ ਬੱਚਾ ਜਨਮਿਆ। ਸੀਰੀ ਦੀ ਘਰਵਾਲੀ ਨੇ ਰੱਬ ਦੀ ਰਜ਼ਾ ਸਮਝ ਇਸਦੀ ਪਾਲਣਾ ਕੀਤੀ । ਪੌਣੇ ਕੁ ਚਾਰ ਸਾਲਾਂ ਬਾਅਦ ਲੂਲ੍ਹੇ ਦੀ ਮਾਂ ਰੱਬ ਨੂੰ ਪਿਆਰੀ ਹੋ ਗਈ । ਦੂਜੇ ਸ਼ਬਦਾਂ ਵਿਚ ਰੱਬ ਨੇ ਇਹ ਵੇਖਣ ਲਈ ਕਿ ਮੇਰੀ ਲੀਲ੍ਹਾ ਨੂੰ ਕੋਈ ਪਛਾਣਦਾ ਜਾਂ ਸਵੀਕਾਰਦਾ ਵੀ ਹੈ, ਲੂਲ੍ਹੇ ਨੂੰ ਮਾਂ ਬਾਹਰਾ ਕਰਨ ਲਈ ਸੀਰੀ ਦੀ ਘਰਵਾਲੀ ਨੂੰ ਆਪਣੇ ਕੋਲ ਸੱਦ ਲਿਆ। ਲੂਲ੍ਹੇ ਦਾ ਪਿਤਾ ਰੱਬ ਦੀ ਲੀਲ੍ਹਾ ਨੂੰ ਨਹੀਂ ਸਮਝ ਸਕਿਆ। ਉਹ ਲੂਲ੍ਹੇ ਨੂੰ ਕਿਰਸਾਨ ਦੇ ਘਰ ਛੱਡ ਕੇ ਭੱਜ ਗਿਆ । ਕਿਰਸਾਨ ਦਾ ਟੱਬਰ ਵੀ ਇਹ ਲੀਲ੍ਹਾ ਵੇਖ ਡਰ ਗਿਆ । ਆਪਣੇ ਆਪ ਨੂੰ ਅਸਮਰੱਥ ਜਾਣ ਕਿਰਸਾਨ ਉਸਨੂੰ ਗੁਰੂ ਘਰ ਛੱਡਣ ਆ ਗਇਆ, ਸ਼ਾਇਦ ਇਹ ਸੋਚ ਕੇ ਕਿ ਰੱਬ ਦੀ ਲੀਲ੍ਹਾ ਨੂੰ ਗੁਰੂ ਜਾਣਦੇ ਹਨ । ਕਿਰਸਾਨ ਨੇ ਜਿਸ ਗੁਰੂ ਘਰ ਦੀ ਚੋਣ ਕੀਤੀ ਸੀ ਉਸਦਾ ਨਾਮ ਹੈ : **ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ।** ਗੁਰੂ ਘਰ ਦੇ ਪ੍ਰਬੰਧਕਾਂ ਨੇ ਵੀ ਰੱਬ ਦਾ ਬਚਿੱਤ੍ਰ ਨਾਟਕ ਨਾ ਜਾਣਿਆ। ਉਨ੍ਹਾਂ ਕਿਰਸਾਨ ਨੂੰ ਲੂਲ੍ਹੇ ਦੀ ਸੰਭਾਲ ਨਾ ਹੋਣ ਬਾਰੇ ਸਾਫ਼ ਆਖ ਦਿੱਤਾ ਸੀ। ਕਿਰਸਾਨ ਘਬਰਾਇਆ ਵੀ, ਡਰਿਆ ਵੀ; ਪਰ ਫੇਰ ਸ਼ਾਇਦ ਇਹ ਸੋਚ ਕਿ ਗੁਰੂ ਪਾਲਣਹਾਰ ਹੈ, ਜਨਮ ਦੇਣ ਵਾਲਾ ਵੀ ਤਾਂ ਓਹ ਹੀ ਹੈ, ਇਸ ਲਈ ਲੂਲ੍ਹੇ ਬਾਰੇ ਮੈਨੂੰ ਫ਼ਿਕਰ ਨਹੀਂ ਕਰਨਾ ਚਾਹੀਦਾ, ਇਸ ਦੀ ਚਿੰਤਾ ਗੁਰੂ ਆਪ ਹੀ ਕਰਨ ।

ਪ੍ਰਬੰਧਕਾਂ ਨੂੰ ਝਕਾਨੀ ਦੇ ਕਿਰਸਾਨ ਲੂਲ੍ਹੇ ਨੂੰ ਗੁਰਦੁਆਰੇ ਛੱਡ ਖਿਸਕ ਗਿਆ ।

ਲੂਲ੍ਹਾ ਰੱਬ ਦੀ ਰਜ਼ਾ ਅੰਦਰ ਆਪਣੇ ਮੈਲੇ 'ਚ ਲਿਬੜਿਆ ਗੁਰੂ ਘਰ ਦੇ ਰਾਹਾਂ 'ਚ ਲਿਟਿਆ ਰਿਹਾ । ਗੁਰੂ ਘਰ, ਗੁਰੂ ਅਰਜਨ ਦੇਵ ਜੀ ਦਾ ਸ਼ਹਾਦਤੀ ਸਥਾਨ ! ਗੁਰੂ ਜੀ ਨੇ ਵੀ ਆਪਣਾ ਲੂਹਿਆ ਤਨ ਇਸ ਸਥਾਨ ਵਿਖੇ ਬੈਠ ਵੇਖਦਿਆਂ ਅਕਾਲ ਪੁਰਖ ਨਾਲ ਕੋਈ ਗੱਲ ਤਾਂ ਜ਼ਰੂਰ ਕੀਤੀ ਹੋਵੇਗੀ । ਅਕਾਲ ਪੁਰਖ ਤੇ ਗੁਰੂ ਅਬੋਲ ਇਕ ਦੂਜੇ ਨੂੰ ਵੇਖਦੇ ਰਹੇ ਹੋਣਗੇ ਤੇ ਫੇਰ ਅਬੋਲ ਦੀਦਾਰੇ ਦੇਣ ਵਾਲੇ ਦੀ ਰਜ਼ਾ ਜਾਣ ਗੁਰੂ ਨੇ ਵਿਸਮਾਦ ਆਨੰਦ 'ਚ ਆਪਣਾ ਤਨ ਹੱਸਦਿਆਂ ਤਿਆਗ ਦਿੱਤਾ ਹੋਵੇਗਾ। ਇਕ ਉਡੀਕ, ਇਕ ਤਾਂਘ ਮੁਕਾ ਲਈ ਸੀ, ਗੁਰੂ ਜੀ ਨੇ ਅਕਾਲ 'ਚ ਲੀਨ ਹੋ ਜਾਣ ਦੀ, ਮਿਲਣ ਦੀ—

ਤੇ ਬਾਦਸ਼ਾਹ ਜਹਾਂਗੀਰ ਅਵਾਕ ਲੇਟਿਆ ਆਪਣੇ ਕਰਮ ਉੱਤੇ

ਸ਼ਰਮ ਨਾਲ ਪਾਣੀ ਪਾਣੀ ਹੋਇਆ ਅੱਜ ਵੀ ਕੁਝ ਵਿੱਥ ਉੱਤੇ ਸ਼ਹਾਦਰੇ ਵਿਖੇ ਬਣੀ ਕਬਰ 'ਚ ਪਿਆ ਕਿਆਮਤ ਨੂੰ ਉਡੀਕ ਰਿਹਾ ਹੈ । ਉਸ ਦੇ ਕਰਮਾਂ ਦਾ ਨਿਆਂ ਬਕਾਇਆ ਹੈ ਜਿਸ ਦਾ ਕੁਝ ਕੁ ਸੰਕੇਤ ਜ਼ਾਹਰਾ ਹੋ ਗਿਆ ਹੈ।

ਗੁਰੂ ਦੇ ਸਥਾਨ ਨੂੰ ਹਰ ਦਿਲ, ਹਰ ਬੁੱਲ੍ਹ ਚੁੰਮਣ ਲਈ ਬੇਤਾਬ ਰਹਿੰਦਾ ਹੈ, ਪਰ ਜਹਾਂਗੀਰ ਦੀ ਕਬਰ ਬਾਰੇ ਸਾਰੇ ਭੁਲ-ਭੁਲਾ ਹੀ ਗਏ ਹਨ।

ਲੂਲ੍ਹਾ ਵੀ ਆਪਣੇ ਤਨ ਨਾਲ ਗੁਰੂ ਦੇ ਸਥਾਨ ਨੂੰ ਚੁੰਮਦਾ ਰਿਹਾ, ਛੂੰਹਦਾ ਰਿਹਾ ਤੇ ਕਿਸੇ ਅਗੰਮੀ ਸੰਭਾਲ ਦੇ ਭਾਓ ਅੰਦਰ ਉਡੀਕਦਾ ਰਿਹਾ, ਤਾਂਘਦਾ ਰਿਹਾ ਉਨ੍ਹਾਂ ਹੱਥਾਂ ਨੂੰ ਜਿਨ੍ਹਾਂ ਅੰਦਰ ਰੱਬ ਨੇ ਆਪਣਾ ਸਪਰਸ਼ ਟਿਕਾਇਆ ਹੋਇਆ ਹੋਵੇਗਾ ।

ਪ੍ਰੇਸ਼ਾਨ ਪ੍ਰਬੰਧਕ ਲੂਲ੍ਹੇ ਨੂੰ ਵੇਖ ਘਬਰਾਏ ਪਰ ਦੋ ਹੱਥ ਲੂਲ੍ਹੇ ਨੂੰ ਆਪਣੀ ਗੋਦ ਦੇਣ ਲਈ ਉੱਠੇ, ਮਾਂ ਦੀ ਗੋਦ ! ਰੱਬ ਦੀ ਗੋਦ ! ਇਸ ਗੋਦ ਦਾ ਨਾਮ ਉਸ ਵੇਲੇ ਪੂਰਨ ਸਿੰਘ ਹੋ ਗਿਆ ਹੋਇਆ ਸੀ । ਤੀਹ ਸਾਲ ਦਾ ਗੱਭਰੂ ਜਵਾਨ ਪੂਰਨ ਸਿੰਘ, ਜਿਹੜਾ ਗੁਰੂ ਵੱਲੋਂ ਸਥਾਪਤ ਗੁਰਦੁਆਰਾ ਸੱਭਿਆਚਾਰ ਨੂੰ ਆਪਣੇ ਲਈ ਸਭ ਤੋਂ ਵੱਡਾ ਆਸਰਾ ਮੰਨ ਸਿੱਖੀ ਧਾਰ ਦਾਸ ਤੋਂ ਸਿੰਘ ਹੋ ਗਿਆ ਸੀ : *ਰਾਮ ਜੀ ਦਾਸ ਬਨਾਮ ਪੂਰਨ ਸਿੰਘ!*

ਗੁਰੂ ਨੇ ਪ੍ਰਬੰਧਕਾਂ ਨੂੰ ਭਰੋਸਾ ਦਾਨ ਬਖ਼ਸ਼ਿਆ ਅਤੇ ਜਥੇਦਾਰ ਅੱਛਰ ਸਿੰਘ ਜੀ ਨੇ ਇਸ ਲੂਲ੍ਹੇ ਲਈ ਪਹਿਲੀ ਅਰਦਾਸ ਕੀਤੀ । ਇਸ ਸਿੱਖ ਦੇ ਅਕਾਲ ਵਿਛੋੜੇ ਵੇਲੇ ਪਿਘਲੇ ਭਗਤ ਜੀ ਨੇ ਆਪਣੀਆਂ ਲਿਖਤਾਂ ਅੰਦਰ ਇਹ ਸ਼ਬਦ ਲਿਖੇ ਹਨ, "ਮੈਨੂੰ ਅੱਜ ਤਕ ਇਹ ਯਾਦ ਹੈ ਕਿ ਜਿਵੇਂ ਕੱਲ੍ਹ ਦੀ ਗੱਲ ਹੋਵੇ ਕਿ ਅੱਜ ਤੋਂ ਲਗਪਗ ਅੱਧੀ ਸਦੀ ਪਹਿਲਾਂ ਜਦ ਲੂਲ੍ਹੇ ਪਿਆਰਾ ਸਿੰਘ ਨੂੰ ਕੋਈ ਹੋਰ ਲਾਹੌਰ ਸ਼ਹਿਰ ਦਾ ਯਤੀਮਖ਼ਾਨਾ ਜਾਂ ਆਸ਼ਰਮ ਸਾਂਭਣ ਨੂੰ ਤਿਆਰ ਨਹੀਂ ਸੀ ਤਾਂ ਜਥੇਦਾਰ ਅੱਛਰ ਸਿੰਘ ਜੀ ਨੇ ਇਸ ਦੀ ਸੇਵਾ ਸੰਭਾਲ ਦੀ ਅਰਦਾਸ ਕੀਤੀ ਸੀ । ਠੀਕ ਹੈ ਅੱਜ ਉਹੀ ਚਿੱਟੀ ਦਾਹੜੀ ਵਾਲਾ ਪਿਆਰਾ ਸਿੰਘ ਪਿੰਗਲਵਾੜੇ ਵਿਚ ਬੈਠਾ ਹੈ ਪਰ ਪਿੰਗਲਵਾੜੇ ਦੇ ਸਾਰੇ ਪਾਸਾਰ ਦਾ ਨੀਂਹ ਪੱਥਰ ਉਹ ਮੰਨਿਆ ਜਾਣਾ ਚਾਹੀਦਾ ਹੈ ।" (ਚੋਣਵੀਆਂ ਸ਼ਖ਼ਸੀਅਤਾਂ, ਪੰਨਾ ੧੦੨।

ਗੁਰੂ ਘਰੋਂ ਲੂਲ੍ਹੇ ਬੱਚੇ ਨੂੰ ਪੂਰਨ ਸਿੰਘ ਦੇ ਰੂਪ ਵਿਚ ਮਾਂ ਮਿਲੀ, ਮਾਂ ਦੀ ਗੋਦ ਮਿਲੀ ਅਤੇ ਇਹ ਲੂਲ੍ਹਾ ਲੂਲ੍ਹਾ ਨਾ ਰਿਹਾ, ਗੁਰੂ ਦਾ ਪਿਆਰਾ ਸਿੰਘ ਹੋ ਗਿਆ । ਗੁਰੂ ਘਰੋਂ ਇਸ ਨੂੰ ਪਿਆਰਾ ਸਿੰਘ ਨਾਮ ਮਿਲਿਆ। ਇਸ ਪਿਆਰਾ ਸਿੰਘ ਨੇ ਪੂਰਨ ਸਿੰਘ ਨੂੰ ਵੀ ਅੱਧਾ ਅਧੂਰਾ ਪੂਰਨ ਸਿੰਘ ਨਾ



ਰਹਿਣ ਦਿੱਤਾ ਸਗੋਂ ਪੂਰਾ ਭਗਤ ਬਣਾ ਦਿੱਤਾ, ਜਿਸਨੂੰ ਸਾਰਾ ਜੱਗ **ਭਗਤ ਪੂਰਨ ਸਿੰਘ** ਦੇ ਨਾਂ ਨਾਲ ਜਾਣਨ ਲੱਗਾ ਹੈ ।

ਇਹ ਮਹਾਂ ਮਿਲਾਪ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ। ਇਸ ਦਿਨ ਈਸਵੀ ਸੰਨ ਦਾ ੧੯੩੪ਵਾਂ ਵਰ੍ਹਾ ਸੀ । ਚਾਰ ਸੌ ਪੈਂਹਠ ਸਾਲ ਪਹਿਲਾਂ ਇਸ ਦਿਹਾੜੇ ਸੰਨ ੧੪੬੯ ਈ. ਵਿਚ ਬਾਬੇ ਨਾਨਕ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ । ਦੂਜੇ ਸ਼ਬਦਾਂ ਵਿਚ ਜੇ ਦੱਸਣਾ ਹੋਵੇ ਤਾਂ ਇਹ ਉਹ ਦਿਨ ਸੀ ਜਿਸ ਦਿਨ ਪੰਜਾਬ ਅੰਦਰ ਇਕ ਲੂਲ੍ਹੇ ਦੇ ਸਬੱਬ ਨਿਆਰੇ ਭਗਤ ਨੇ ਜਨਮ ਧਾਰਿਆ ਸੀ, ਜਿਸ ਨਾਲ ਪਿੰਗਲਵਾੜਾ ਸ਼ਬਦ ਨੇ ਪੰਜਾਬੀ ਭਾਸ਼ਾ ਤੇ ਸਮਾਜ ਅੰਦਰ ਨਵੇਕਲੇ ਅੰਦਾਜ਼ ਤੇ ਅਰਥਾਂ ਨਾਲ ਪ੍ਰਵੇਸ਼ ਪਾਇਆ ਸੀ।

ਪੂਰਨ ਸਿੰਘ ਨੇ ਹੋਰ ਗੁਰੂ ਕਾਰਜਾਂ ਸਮੇਤ ਇਸ ਪਿਆਰੇ ਸਿੰਘ ਨੂੰ ਗੁਰੂ ਦਾ ਹੁਕਮ ਮੰਨ ਪਹਿਲ ਅਧੀਨ ਪਾਲਿਆ ਸੀ । ਉਸਦੀ ਹਰ ਕਿਰਿਆ ਨਿਭਾਈ ਸੀ ਜਿਸ ਬਾਰੇ ਸੋਚ ਸਾਧਾਰਨ ਪ੍ਰਾਣੀ ਕਚਿਆਨ ਨਾਲ ਭਰ ਜਾਂਦਾ ਹੈ। ਵਿਦਵਾਨਾਂ ਨੇ ਭਗਤ ਜੀ ਬਾਰੇ ਲਿਖਦਿਆਂ ਇਸ ਸੇਵਾ ਨੂੰ ਕਿਤੇ ਉੱਚਾ-ਸੁੱਚਾ ਪ੍ਰਵਾਨਿਆ ਹੈ। ਇਸ ਲੂਲ੍ਹੇ ਦੇ ਸਰੀਰ ਵੱਲ ਵੇਖ ਪੂਰਨ ਸਿੰਘ ਨੇ ਰੱਬ ਵੱਲੋਂ ਉਸਨੂੰ ਬਖ਼ਸ਼ੀ ਤੰਦਰੁਸਤ ਦੇਹ ਬਦਲੇ ਰੱਬ ਦੇ ਬਦਲੇ ਕੋਟਿ ਕੋਟਿ ਸ਼ੁਕਰਾਨਾ ਕਰਨ ਵਾਲੇ ਭਾਵ ਆਪਣੀਆਂ ਲਿਖਤਾਂ ਅੰਦਰ ਲਿਖੇ ਹਨ । ਇਸ ਸੇਵਾ ਹਿੱਤ ਆਧਾਰ ਬਣੇ ਤੱਥ ਜਿਵੇਂ ਭਗਤ ਜੀ ਨੇ ਆਪਣੀ ਸੁੰਦਰ ਲਿਖਤ ਅੰਦਰ ਸੰਭਾਲੇ ਹਨ । ਉਨ੍ਹਾਂ ਨੂੰ ਇੱਥੇ ਉਦਰਤ ਕਰਨਾ ਯੋਗ ਹੋਵੇਗਾ, "**ਲਾਹੌਰ ਸ਼ਹਿਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਰਹਿੰਦਿਆਂ ਹੋਇਆਂ ਜਦੋਂ ਮੈਂ ਮਰਨ ਵਾਲੇ ਬੁੱਢੇ ਬੁੱਢੀਆਂ ਦੀਆਂ ਅਖ਼ੀਰਲੇ ਵੇਲੇ ਦੀਆਂ ਮਰੋੜਾਂ ਵਾਲੀਆਂ ਟੱਟੀਆਂ ਸਾਰਾ ਸਾਰਾ ਦਿਨ ਧੋਇਆ ਕਰਦਾ ਸਾਂ ਤਾਂ ਮੈਨੂੰ ਜੋ ਰੂਹਾਨੀ ਖ਼ੁਸ਼ੀ ਮਿਲਿਆ ਕਰਦੀ ਸੀ ਉਹ ਅਜਿਹੇ ਉੱਚੇ ਦਰਜੇ ਦੀ ਹੁੰਦੀ ਸੀ ਕਿ ਉਹ ਮੇਰਾ ਖ਼ਿਆਲ ਨੀਵੇਂ ਦਰਜੇ ਦੀਆਂ ਖ਼ੁਸ਼ੀਆਂ ਵੱਲ ਨਹੀਂ ਜਾਣ ਦਿੰਦੀ ਸੀ । ਜਦੋਂ ਮੈਂ ਸੰਨ ੧੯੨੪ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਲੰਗਰ ਦੀ ਸੇਵਾ ਆਰੰਭ ਕੀਤੀ ਤਾਂ ਜਿਸ ਗੱਲ ਨੇ ਮੇਰਾ ਹਿਰਦਾ ਉਸ ਵੱਲ ਵਧੇਰੇ ਖਿੱਚਿਆ ਉਹ ਅਧਰੰਗ ਵਾਲਾ ਇਕ ਬੰਦਾ ਸੀ ਜਿਹੜਾ ਲੰਗੜਾਅ ਲੰਗੜਾਅ ਕੇ ਤੁਰਦਾ ਤੁਰਦਾ ਅੱਧ ਮੀਲ ਦੀ ਦੂਰੀ ਤੋਂ ਲੰਗਰ ਨੂੰ ਦੋਵੇਂ ਵੇਲੇ ਆਇਆ ਕਰਦਾ ਸੀ । ਲੰਗਰ ਦੇ ਵੇਲੇ ਉਸਨੂੰ ਮੈਂ ਪ੍ਰਤੀ-ਦਿਨ ਦਿਲ ਦੇ ਬੜੇ ਦਰਦ ਨਾਲ ਉਡੀਕਿਆ ਕਰਦਾ ਸਾਂ ਤੇ**

**ਉਸਨੂੰ ਪ੍ਰਸ਼ਾਦਾ ਦੇ ਕੇ ਆਪਣੀ ਸੋਹਣੀ ਜਵਾਨੀ ਤੇ ਤੰਦਰੁਸਤੀ ਲਈ ਰੱਬ ਦਾ ਲੱਖ ਲੱਖ ਸ਼ੁਕਰ ਕਰਦਾ ਹਾਂ ।"**

(ਤੇਰਾ ਸਦੜਾ ਸੁਣੀਜੈ ਭਾਈ, ਪੰਨਾ ੧੩੪)

ਪੂਰਨ ਸਿੰਘ ਨੇ ਪਿਆਰਾ ਸਿੰਘ ਲਈ ਆਪਣੇ ਸੀਨੇ ਨੂੰ ਬਿਸਤਰਾ ਅਤੇ ਪਿੱਠ ਨੂੰ ਪੈਰ ਬਣਾਇਆ ਸੀ । ਲਾਹੌਰ ਵਿਖੇ ਇਕ ਗੁਰੂ ਤੇ ਇਕ ਸਿੱਖ ਨਾਲ ਸੰਬੰਧਤ ਦੋ ਸ਼ਹੀਦ ਸਥਾਨ ਇਸ ਲੀਲ੍ਹਾ ਦਾ ਖੇਤਰ ਬਣੇ ਸਨ । ਇਨ੍ਹਾਂ 'ਚ ਇਕ ਦਾ ਨਾਮ : ***ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਹੈ*** ਅਤੇ ਦੂਜੇ ਨੂੰ ਸਤਿਕਾਰ ਨਾਲ ***ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਆਖੀਦਾ ਹੈ!***

ਸੰਨ ੧੯੪੭ ਈ: ਦੀ ਦੇਸ਼ ਵੰਡ ਵੇਲੇ ਨਵੇਂ ਬਣੇ ਮੁਲਕ ਪਾਕਿਸਤਾਨ ਨੂੰ ਛੱਡ ਭਗਤ ਜੀ ਇਕ ਰੁਪਇਆ ਪੰਜ ਆਨੇ, ਪੁਸਤਕਾਂ ਵਾਲਾ ਬਸਤਾ, ਲੋਹੇ ਦਾ ਇਕ ਬਾਟਾ ਅਤੇ ਪਿਆਰੇ ਲੂਲ੍ਹੇ ਸਮੇਤ ਸ੍ਰੀ ਅੰਮ੍ਰਿਤਸਰ ਵਿਖੇ ਲੱਗੇ ਰਫ਼ਿਊਜੀ ਕੈਂਪ ਵਿਚ ਪੰਜਾਬ ਅਰਥਾਤ ਭਾਰਤ ਪਹੁੰਚਿਆ ਸੀ । ਉਸ ਦਿਨ ਦੇਸ਼ ਨੂੰ ਅਜ਼ਾਦ ਹੋਇਆਂ ਤਿੰਨ ਦਿਨ ਹੋ ਗਏ ਸਨ । ਅੱਜ ਤਕ ਵੀ ਇਹ ਇਤਿਹਾਸਕ ਘਟਨਾ ਸਾਡੇ ਕੋਲ ਸੁਤੰਤਰਤਾ ਸ਼ਬਦ ਨਾਲ ਸੌਖੀ ਪਰਿਭਾਸ਼ਤ ਨਹੀਂ ਹੁੰਦੀ ਸਗੋਂ ਦੇਸ਼ ਵੰਡ ਸ਼ਬਦ ਦਾ ਰੂਪ ਸਾਡੇ ਹਿਰਦਿਆਂ ਅੰਦਰ ਜ਼ਖ਼ਮ ਬਣ ਟੱਸ ਟੱਸ ਕਰਦੀ ਰਿਸਦੀ ਰਹਿੰਦੀ ਹੈ ।

ਭਗਤ ਜੀ ਪਿਆਰੇ ਲੂਲ੍ਹੇ ਨਾਲ ਪ੍ਰੇਮ ਬਾਰੇ ਲਿਖਦੇ ਹਨ, **"ਜਦੋਂ ਲੂਲ੍ਹੇ ਨੂੰ ਮੇਰੇ ਪਾਸ ਆਏ ਨੂੰ ਤਿੰਨ ਕੁ ਸਾਲ ਹੀ ਹੋਏ ਸਨ ਤਾਂ ਇਕ ਵਾਰੀ ਉਹ ਮੋਹਰਕੇ ਤਾਪ ਨਾਲ ਬੀਮਾਰ ਹੋ ਗਿਆ ਸੀ । ਜਦੋਂ ਮੈਂ ਦੇਖਿਆ ਕਿ ਉਸਦਾ ਤਾਪ ਆਪਣੀ ਮਿਆਦ ਦੇ ਅੰਦਰ ਨਹੀਂ ਟੁੱਟ ਰਿਹਾ ਤਾਂ ਮੇਰੇ ਹਿਰਦੇ ਵਿਚ ਰੱਬ ਦੇ ਸੰਬੰਧ ਵਿਚ ਇਹ ਖ਼ਿਆਲ ਆਇਆ ਕਿ ਰੱਬਾ ਮੈਂ ਕਦੇ ਤੇਰੇ ਪਾਸੋਂ ਕੁਝ ਨਹੀਂ ਮੰਗਿਆ ਤੇ ਨਾ ਹੀ ਸਾਰੀ ਉਮਰ ਕੁਝ ਮੰਗਣਾ ਹੈ । ਰੱਬਾ ਮੰਗਦਾ ਤਾਂ ਮੈਂ ਤੇਰੇ ਪਾਸੋਂ ਹੁਣ ਵੀ ਕੁਝ ਨਹੀਂ ਹਾਂ ਪਰ ਮੇਰੇ ਹਿਰਦੇ ਵਿਚ ਇਹ ਇੱਛਾ ਜ਼ਰੂਰ ਪੈਦਾ ਹੋਈ ਹੈ ਕਿ ਜੇ ਤੂੰ ਇਸ ਲੂਲ੍ਹੇ ਬੱਚੇ ਦੇ ਖਿਡੌਣੇ ਨੂੰ ਜਿਊਂਦਾ ਰਹਿਣ ਦੇਵੇਂ ਤਾਂ ਮੈਂ ਇਹ ਵਚਨ ਦਿੰਦਾ ਹਾਂ ਕਿ ਮੈਂ ਆਪਣੇ ਜੀਵਨ ਵਿਚ ਭਾਵੇਂ ਕਿੰਨੀਆਂ ਵੀ ਸੰਸਾਰੀ ਦਾਤਾਂ ਤੇ ਪਦਾਰਥਾਂ ਤੋਂ ਵਾਂਞਿਆਂ ਰਹਿ ਜਾਵਾਂ, ਮੈਂ ਆਪਣੇ ਜੀਵਨ ਦੇ ਅੰਤਮ ਸਮੇਂ ਤਕ ਕਿਸੇ ਵੀ ਦਾਤ ਦੇ ਨਾ ਮਿਲਣ ਉੱਤੇ ਕੋਈ ਗਿਲਾ ਤੇਰੇ ਅੱਗੇ ਨਾ ਕਰਾਂਗਾ, ਭਾਵੇਂ ਉਹ ਦਾਤ ਕਿੱਡੀ ਵੱਡੀ ਤੋਂ ਵੱਡੀ ਤੇ ਵੱਧ ਤੋਂ ਵੱਧ ਮਨਮੋਹਣੀ ਕਿਉਂ ਨਾ ਹੋਵੇ । ਲੂਲ੍ਹੇ ਨੇ ਮੈਨੂੰ ਨਾ ਕੇਵਲ ਰੂਹਾਨੀ ਖ਼ੁਸ਼ੀ ਦਿੱਤੀ ਬਲਕਿ ਸੰਸਾਰਕ ਪਦਾਰਥਾਂ ਵੱਲੋਂ ਵੀ ਉਸ ਨੇ ਮੈਨੂੰ**



**ਜੋ ਕੁਝ ਦੇਸ਼ ਤੇ ਦੁਨੀਆਂ ਦੇ ਲੋਕਾਂ ਪਾਸੋਂ ਦਿਵਾਇਆ ਹੈ ਉਸ ਦੀ ਮਹਿਮਾ ਬਿਆਨ ਨਹੀਂ ਕਰ ਸਕਦਾ ।" (ਤੇਰਾ ਸਦੜਾ ਸੁਣੀਜੈ ਭਾਈ, ਪੰਨਾ ੧੩੩)**

ਲਾਹੌਰ ਤੋਂ ਤੁਰਨ ਵੇਲੇ ਜੇ ਰੱਬ ਭਗਤ ਜੀ ਅੱਗੇ ਨਿਆਮਤਾਂ ਦਾ ਢੇਰ ਵੀ ਲਾ ਦਿੰਦਾ ਤਾਂ ਵੀ ਭਗਤ ਜੀ ਨੇ ਲਿਜਾਣ ਵਾਲੀਆਂ ਨਿਆਮਤਾਂ 'ਚੋਂ ਜੋ ਚੋਣ ਕਰਨੀ ਸੀ ਉਹ ਸਿਰਫ਼ ਪਿਆਰੇ ਲੂਲ੍ਹੇ ਦੀ ਹੀ ਹੋਣੀ ਸੀ ।

ਭਗਤ ਜੀ ਦੀ ਪਿੱਠ ਦੇ ਬਣੇ ਪੈਰਾਂ ਨਾਲ ਤੁਰਦਾ ਪਿਆਰਾ ਲੂਲ੍ਹਾ ਵੀ ਸ੍ਰੀ ਅੰਮ੍ਰਿਤਸਰ ਪੁੱਜਾ ਸੀ। ਦੇਸ਼ ਵੰਡ ਦਾ ਜ਼ਖ਼ਮ ਰੱਬੋਂ ਬੇਜੀਭੇ ਰੱਖੇ ਪਿਆਰੇ ਲੂਲ੍ਹੇ ਦੇ ਦਿਲ ਉੱਤੇ ਵੀ ਲੱਗਾ ਸੀ ।

ਪਿਆਰਾ ਸਿੰਘ ਵੱਲ ਵੇਖ ਵੇਖ ਪੂਰਨ ਸਿੰਘ ਜਿਊਂਦਾ ਸੀ । ਉਸ ਨੇ ਪਿਆਰਿਆਂ ਲਈ ਸ੍ਰੀ ਅੰਮ੍ਰਿਤਸਰ ਦੀ ਧਰਤੀ ਉੱਤੇ ਘਰ ਬਣਾਇਆ ਜਿਸਨੂੰ ਜੱਗ ਦੇ ਲੋਕਾਂ ਪਿੰਗਲਵਾੜਾ ਦਾ ਨਾਮ ਦੇ ਲਿਆ ਹੈ । ਇਹ ਘਰ ੬ ਮਾਰਚ ੧੯੫੭ ਈ. ਵਿਚ ਸਰਕਾਰੀ ਕਾਗ਼ਜ਼ਾਂ ਅੰਦਰ ਰਜਿਸਟਡ ਹੋਇਆ ਸੀ । ਸੰਨ ਸੰਤਾਲੀ ਵੇਲੇ ਭਗਤ ਪੂਰਨ ਸਿੰਘ ਕੋਲ ਇਸ ਸੇਵਾ ਹਿੱਤ ਖ਼ਰਚੇ ਲਈ ਕੁੱਲ ਪ੍ਰਾਪਤ ਪੂੰਜੀ ਇਕ ਰੁਪਇਆ ਪੰਜ ਆਨੇ ਨੂੰ ਯਾਦ ਕਰਦਿਆਂ ਜੇ ਅੱਜ ਪਿੰਗਲਵਾੜੇ ਦੇ ਖ਼ਰਚਿਆਂ ਨੂੰ ਵਿਚਾਰੀਏ ਤਾਂ ਗੁਰੂ ਦੇ ਖੀਸੇ ਵਾਲੀ ਸਾਖੀ ਸਿਮਰ ਹੋਣ ਲੱਗਦੀ ਹੈ ।

ਇਕ ਸੂਚਨਾ ਅਨੁਸਾਰ ਸੰਨ ੨੦੧੩ ਈ. ਵਿਚ ਇਹ *ਖ਼ਰਚੇ ੪,੫੦,੦੦੦ ਰੁਪਏ ਰੋਜ਼ਾਨਾ ਦੇ ਸਨ ਜਿਹੜੇ ਬਿਨ ਬੋਲਿਆਂ ਸਭ ਜਾਣਦੇ ਦਾਨੀਆਂ ਵੱਲੋਂ ਪਤਾ ਨਹੀਂ ਕਿਹੜੇ ਵੇਲੇ ਪੁੱਜਦੇ ਹੋ ਜਾਂਦੇ ਹਨ।

**ਆਸਰੇ ਦਾ ਸਹਾਰਾ**

ਭਗਤ ਜੀ ਨੂੰ ਆਪਣੇ ਤੋਂ ਬਾਅਦ ਪਿਆਰੇ ਦੀ ਸੰਭਾਲ ਦਾ ਫ਼ਿਕਰ ਸਤਾਉਂਦਾ ਰਹਿੰਦਾ ਸੀ । ਇਸ ਦਾ ਜ਼ਿਕਰ ਉਹ ਆਪਣੀਆਂ ਲਿਖਤਾਂ ਅੰਦਰ ਅਕਸਰ ਕਰਦੇ ਸਨ । ਉਪਰੋਕਤ ਹਵਾਲੇ ਇਸ ਦੀ ਗਵਾਹੀ ਹਨ।

ਪੂਰਨ ਸਿੰਘ ਦਾ ਲੂਲ੍ਹੇ ਨਾਲ ਮਿਲਾਪ ਉਸ ਨੂੰ ਭਗਤ ਬਣਾ ਗਿਆ ਅਤੇ ਡਾ. ਇੰਦਰਜੀਤ ਕੌਰ ਦਾ ਭਗਤ ਜੀ ਨਾਲ ਮਿਲਾਪ ਉਸਨੂੰ **ਬੀਬੀ** ਬਣਾ ਗਿਆ :**ਬੀਬੀ ਇੰਦਰਜੀਤ ਕੌਰ** । ਇਹ ਮਿਲਾਪ ਵੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲ ਗੁਰਪੁਰਬ ਵਾਲੇ ਵਰ੍ਹੇ ਸੰਨ ੧੯੬੯ਈ. ਵਿਚ ਹੋਇਆ ਸੀ । ਇਸ ਮਿਲਾਪ ਦੇ ਲਿਖਤੀ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਆਸਰੇ ਨੂੰ ਵੀ ਸਹਾਰੇ ਦੀ ਲੋੜ ਹੁੰਦੀ ਹੈ । ਭਗਤ ਜੀ ਵੱਲੋਂ ਬੀਬੀ ਇੰਦਰਜੀਤ ਕੌਰ ਨੂੰ ਲਿਖੀ ਚਿੱਠੀ ਇਸ ਸਤਿਕਾਰਤ ਤੱਥ ਦੀ ਮੂੰਹ ਬੋਲੀ ਸਾਖੀ ਹੈ ।

* ਸੰਨ ੨੦੧੬ ਵਿਚ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਹੈ ।

ਭਗਤ ਜੀ ਦੇ ਸਨੇਹ ਭਰੇ ਸੰਗ-ਸਾਥ ਨਾਲ ਡਾ.ਇੰਦਰਜੀਤ ਕੌਰ ਦੀ ਰੂਹ ਅੰਦਰ ਉਹ ਸਭ ਕੁਝ ਉੱਗ ਆਇਆ ਜਿਸ ਸਦਕਾ ਕੋਈ ਪ੍ਰਾਣੀ ਪਿੰਗਲਵਾੜੇ ਅਧੀਨ ਕੀਤੀ ਜਾਣ ਵਾਲੀ ਕਠਨ ਸੇਵਾ ਦੇ ਰਸਤੇ ਉੱਤੇ ਤੁਰਨ ਵੇਲੇ ਹੋਣ ਵਾਲੀ ਅਸਹਿ ਪੀੜ ਯਰਨ ਦਾ ਸਮਰੱਥ ਗ੍ਰਹਿਣ ਕਰ ਲੈਂਦਾ ਹੈ ਅਤੇ ਬੀਬੀ ਜੀ ਵੱਲੋਂ ਨਿਭਾਏ ਕਾਰਜਾਂ ਨਾਲ ਭਗਤ ਜੀ ਉਸ ਚਿੰਤਾ ਤੋਂ ਮੁਕਤ ਹੋਏ ਜਿਹੜੀ ਉਨ੍ਹਾਂ ਨੂੰ ਆਪਣੇ ਤੋਂ ਬਾਅਦ ਪਿੰਗਲਵਾੜਾ ਸਮੇਤ ਲੂਲ੍ਹੇ ਪਿਆਰਾ ਸਿੰਘ ਦੀ ਸੰਭਾਲ ਪ੍ਰਤੀ ਸਤਾਉਂਦੀ ਰਹਿੰਦੀ ਸੀ ।

**ਰੱਬ ਲੂਲ੍ਹਾ ਬਣ ਆਇਆ**

ਭਗਤ ਜੀ ਤੇ ਬੀਬੀ ਜੀ ਵੱਲੋਂ ਨਿਭਾਈ ਇਸ ਸੇਵਾ ਤੇ ਭਰੋਸੇ ਨਾਲ **'ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥'** ਪਿਆਰਾ ਸਿੰਘ ਦੇ ਲੂਲ੍ਹੇਪਣ ਕਾਰਨ ਅਨੁਮਾਨੇ ਜਾਂਦੇ ਉਮਰ ਦੇ ਵਰ੍ਹਿਆਂ ਦੀ ਗਿਣਤੀ ਕਿਤੇ ਵੱਧ ਸਾਲਾਂ ਤਕ ਪਹੁੰਚ ਗਈ ਸੀ। ਡਾਕਟਰੀ ਵਿਦਿਆ ਅਨੁਸਾਰ ਸਮਝਿਆ ਜਾਂਦਾ ਸੀ ਕਿ ਇਹ ਲੂਲ੍ਹਾ ਪੰਦਰਾਂ-ਸੋਲਾਂ ਸਾਲ ਦੀ ਉਮਰ ਹੀ ਭੋਗ ਸਕੇਗਾ, ਪਰ ਭਗਤ ਜੀ ਤੇ ਬੀਬੀ ਜੀ ਦੇ ਪ੍ਰੇਮ ਤੇ ਸੇਵਾ ਸਦਕਾ ਲੂਲ੍ਹਾ ਪਿਆਰਾ ਸਿੰਘ ਅਕਤੂਬਰ ੧੯੯੪ ਈ. ਤਕ ਜਿਊਂਦਾ ਰਿਹਾ। ਕਰੀਬ ੬੫ ਸਾਲ ਉਮਰ ਭੋਗੀ ਪਿਆਰਾ ਸਿੰਘ ਨੇ ! ਉਹ ਭਗਤ ਜੀ ਤੋਂ ਦੋ ਸਾਲ ਬਾਅਦ ਪੂਰਾ ਹੋਇਆ । ਕਿਉਂ ? ਕਿਉਂਕਿ ਉਹ ਲੂਲ੍ਹਾ ਨਹੀਂ ਸੀ ਸਗੋਂ ਰੱਬ ਲੂਲ੍ਹਾ ਬਣ ਆਇਆ ਸੀ ! ਇਹ ਵੇਖਣ ਲਈ ਕਿ ਕੋਈ ਉਸਨੂੰ ਮਾਤ-ਲੋਕ ਅੰਦਰ ਪਹਿਚਾਣਦਾ ਵੀ ਹੈ ਕਿ ਨਹੀਂ । ਉਹ ਪਹਿਚਾਣਿਆ ਗਿਆ ! ਫੜਿਆ ਗਿਆ ! ਪਹਿਲਾਂ ਭਗਤ ਪੂਰਨ ਸਿੰਘ ਵੱਲੋਂ ਅਤੇ ਫੇਰ ਬੀਬੀ ਇੰਦਰਜੀਤ ਕੌਰ ਵੱਲੋਂ । ਇਨ੍ਹਾਂ ਦੋ ਗੁਰੂ ਵਰਸੋਈਆਂ ਰੂਹਾਂ ਨੇ ਲੂਲ੍ਹੇ ਬਣੇ ਰੱਬ ਨੂੰ ਖਿਡਾਇਆ, ਹਸਾਇਆ ਅਤੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਪਿੰਗਲਵਾੜੇ ਦੇ ਰੂਪ ਵਿਚ ਰੱਬ ਨੇ ਆਪਣਾ ਇਕ ਹੋਰ ਨਿਸ਼ਾਨਾ ਲਗਾਇਆ । ਇਸ ਭਾਵ ਨੂੰ ਜੇਕਰ ਕਵਿਤਾ ਬਣਾ ਕੇ ਲਿਖਣਾ ਹੋਵੇ ਤਾਂ ਇਸ ਤਰ੍ਹਾਂ ਲਿਖੀ ਜਾਵੇਗੀ :

## ਰੱਬ ਲੂਲ੍ਹਾ ਬਣ ਆਇਆ

ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।
ਵੇਖੋ ਲੋਕਾ ! ਉਸ ਦੀ ਕੁਦਰਤ
ਰੱਬ ਨੇ ਆਪਣਾ ਰੂਪ ਵਟਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।



ਭਗਤ ਦਾ ਸੀਨਾ ਬਿਸਤਰ ਕੀਤਾ
ਪਿੱਠ ਦਾ ਪੈਰ ਬਣਾਇਆ,
ਵੇਖੋ ਲੋਕਾ ! ਉਸ ਦੀ ਲੀਲ੍ਹਾ
ਪੂਰਨ ਭਗਤ ਪਠਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।

ਮੁੱਖ ਅੰਦਰ ਜੀਭਾ ਰੱਖ ਲੀਤੀ
ਬੋਲ ਨਾ ਜੀਭਾ ਲਾਇਆ,
ਬਿਨ ਬੋਲਿਆਂ ਸਭ ਬੋਲ ਸੁਣਾਵੇ
ਨੈਣੀਂ ਜੀਭ ਬੋਲਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।

ਭਗਤ ਫ਼ਿਕਰ ਕਰੇ ਬਹੁ ਤੇਰਾ
ਬੀਬੀ ਭੇਜ ਫ਼ਿਕਰ ਮਿਟਾਇਆ,
ਪਹਿਲਾਂ ਭਗਤ ਨੂੰ ਕੋਲ ਬੁਲਾ ਕੇ
ਸੇਵਾ ਬੀਬੀ ਲਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।

ਵੇਖ ਵੇਖ ਬੀਬੀ ਬਹੁ ਵਿਗਸੈ
ਹੱਥੀਂ ਸੇਵ ਕਰਾਇਆ,
ਬੀਬੀ ਨੈਣੀਂ ਦਰਸ ਦਿਖਾਕੇ
ਰੱਬ ਨੇ ਆਪਣਾ ਭੇਦ ਜਣਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।

ਆਪਣੀ ਨਦਰ ਬਖ਼ਸ਼ ਕੇ ਦਾਤੇ
ਬੀਬੀ ਬਹੁਤ ਅਨੰਦ ਵਰਤਾਇਆ,
ਨੈਣ ਮੁੰਦ ਕੇ ਇਕ ਦਿਨ ਲੂਲ੍ਹੇ
ਲੂਲ੍ਹੀ ਜੋਤੀ ਜੋਤਿ ਰਲਾਇਆ,
ਵੇਖੋ ਲੋਕਾ, ਚੋਜੀ ਰੱਬ ਨੇ
ਇਹ ਕੀ ਖੇਲ ਰਚਾਇਆ,
ਹਰਿ ਜੀ, ਰੱਬ ਲੂਲ੍ਹਾ ਬਣ ਆਇਆ ।

**ਪੂਰੀ ਗੱਲ**

ਭਗਤ ਜੀ ਦਾ ਜੀਵਨ ਕਾਲ ੪ ਜੂਨ, ੧੯੦੪ ਈ. ਤੋਂ ਲੈ ਕੇ ੫ ਅਗਸਤ ੧੯੯੨ ਤਕ ਦਾ ਹੈ । ਇਨ੍ਹਾਂ ਦਾ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ ਖੰਨੇ ਨੇੜੇ ਹੈ । ਸ਼ਿੱਬੂ ਮੱਲ ਪਿਤਾ ਸੀ ਤੇ ਮਾਂ ਮਹਿਤਾਬ ਕੌਰ ਸਨ।

ਭਗਤ ਜੀ ਦੀ 'ਸੰਪੂਰਨੁ ਥੀਆ ਰਾਮ ॥' ਵਾਲੀ ਮਿਤੀ ਤੋਂ ਬੀਬੀ ਇੰਦਰਜੀਤ ਕੌਰ ਜੀ ਪਿੰਗਲਵਾੜੇ ਦੇ ਮੁੱਖ ਸੇਵਾਦਾਰ ਹਨ । ਬੀਬੀ ਜੀ ੨੫ ਜਨਵਰੀ, ੧੯੪੨ ਈ. ਵਿਚ ਜਨਮੇ ਸਨ । ਬੀਬੀ ਜੀ ਦੀ ਮਾਂ ਦਾ ਨਾਮ ਰਣਜੀਤ ਕੌਰ ਹੈ ਤੇ ਪਿਤਾ ਡਾ: ਹਰਬੰਸ ਸਿੰਘ ਦੇ ਨਾਮ ਨਾਲ ਉੱਘੇ ਸਨ। ਸੰਗਰੂਰ ਸ਼ਹਿਰ ਬੀਬੀ ਦਾ ਜਨਮ ਸਥਾਨ ਹੈ, ਸੇਵਾ ਵੀ ਇਨ੍ਹਾਂ ਇੱਥੋਂ ਹੀ ਆਰੰਭ ਕੀਤੀ ਸੀ । ਭਗਤ ਜੀ ਤੇ ਲੂਲ੍ਹੇ ਰੱਬ ਦਾ ਸਪੱਰਸ਼ ਵੀ ਇਸ ਸਥਾਨ ਨੂੰ ਪ੍ਰਾਪਤ ਹੈ ।

**ਪਿੰਗਲਵਾੜਾ ਹੀ ਬੀਬੀ ਜੀ ਦੀ ਘਰ ਗ੍ਰਿਹਸਥੀ ਹੈ ।**

ਲੂਲ੍ਹੇ ਪਿਆਰਾ ਸਿੰਘ ਦਾ ਜਨਮ ਵਰ੍ਹਾ ੧੯੩੦ ਈ. ਕਿਆਸਿਆ ਗਿਆ ਹੈ । ਉਸ ਦੀ ਜਨਮ ਭੂਮੀ ਲਾਹੌਰ ਨੇੜਲਾ ਕੋਈ ਪਿੰਡ ਸੀ, ਜਿਸ ਦਾ ਨਾਮ ਗੁੰਮਗੰਵਾ ਗਿਆ ਹੈ ।

*ਪ੍ਰੋਫ਼ੈਸਰ ਅਤੇ ਮੁਖੀ
13 ਜੁਲਾਈ, 2016 ਭਾਈ ਵੀਰ ਸਿੰਘ ਚੇਅਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ ।
M- 99880-71992



# ਰੱਬ ਦਾ ਸੱਚਾ ਪੁੱਤਰ

**ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥**
**(ਅੰਗ ੫੩੨)**

ਉਸ ਹਰਿ ਜਨ ਦਾ ਇਸ ਸੰਸਾਰ ਵਿੱਚ ਜਨਮ ਲੈਣਾ ਸਫਲ ਹੈ ਜਿਸ ਨੇ ਅਕਾਲ ਪੁਰਖ ਨੂੰ ਔਂਤਰਾ ਨਹੀਂ ਰਹਿਣ ਦਿੱਤਾ, ਸਗੋਂ ਸਪੁੱਤਰਾਂ ਵਾਲਾ ਬਣਾ ਦਿੱਤਾ ਹੈ । ਰੱਬ ਦੇ ਸਪੁੱਤਰ ਓਹੋ ਹੀ ਹੋ ਸਕਦੇ ਹਨ ਜਿਹੜੇ ਰੱਬ ਦੇ ਪਰਿਵਾਰ ਦਾ ਫ਼ਿਕਰ ਕਰਨ, ਜਿਸ ਤਰ੍ਹਾਂ ਭਗਤ ਪੂਰਨ ਸਿੰਘ ਜੀ ਨੇ ਕੀਤਾ।

ਪਿਆਰਾ ਸਿੰਘ ਨੂੰ ਸੰਨ ੧੯੩੪ ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸਵ ਵਾਲੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਦੇ ਸਾਹਮਣੇ ਤੜਕੇ ਦੇ ਹਨੇਰੇ ਵਿਚ ਚੋਰੀਓਂ ਛੱਡ ਦਿੱਤਾ ਗਿਆ ਸੀ। ਉਸ ਬੱਚੇ ਦੀ ਉਮਰ ਚਾਰ ਕੁ ਸਾਲ ਦੀ ਸੀ ਅਤੇ ਉਸ ਬੱਚੇ ਨੂੰ ਦੋ ਜ਼ਿਮੀਂਦਾਰ ਸਿੰਘ ਲੁਧਿਆਣਾ ਜ਼ਿਲ੍ਹੇ ਦੇ ਕਿਸੇ ਪਿੰਡ ਤੋਂ ਲਿਆਏ ਸਨ । ਉਨ੍ਹਾਂ ਨੇ ਉਸ ਨੂੰ ਇਕ ਦਿਨ ਪਹਿਲਾਂ ਗੁਰਦੁਆਰਾ ਡੇਹਰਾ ਸਾਹਿਬ ਦੇ ਉਸ ਵੇਲੇ ਦੇ ਹੈੱਡ-ਗ੍ਰੰਥੀ ਜੱਥੇਦਾਰ ਅੱਛਰ ਸਿੰਘ ਜੀ ਦੇ ਪੇਸ਼ ਕਰਕੇ ਕਿਹਾ ਸੀ ਇਸ ਬੱਚੇ ਦਾ ਪਿਤਾ ਸਾਡੇ ਪਾਸ ਖੇਤੀ ਦਾ ਸੀਰੀ ਸੀ ਤੇ ਇਸ ਦੀ ਮਾਂ ਚਾਰ ਮਹੀਨੇ ਹੋਏ ਮਰ ਚੁੱਕੀ ਹੇ । ਜਿੰਨਾ ਚਿਰ ਉਹ ਜਿਊਂਦੀ ਰਹੀ, ਸੰਭਾਲਦੀ ਰਹੀ । ਇਸ ਦਾ ਬਾਪ ਇਸ ਦੀ ਮਾਂ ਦੇ ਮਰਨ ਪਿੱਛੋਂ ਪੰਜ ਕੁ ਮਹੀਨਿਆਂ ਦਾ ਸਮਾਂ ਇਸਨੂੰ ਸੰਭਾਲਦਾ ਰਿਹਾ ਸੀ, ਪਰ ਉਹ ਇਸ ਨੂੰ ਖੇਤੀ ਦਾ ਕੰਮ ਕਰਦਾ ਹੋਇਆ ਨਾਲ ਦੀ ਨਾਲ ਨਾ ਸੰਭਾਲ ਸਕਿਆ, ਕਿਉਂਕਿ ਉਹ ਲੂਲ੍ਹਾ ਹੈ ਤੇ ਆਪਣੀ ਕੋਈ ਕਿਰਿਆ ਆਪਣੇ ਆਪ ਸੋਧਣ ਯੋਗ ਨਹੀਂ ਹੈ । ਬੱਚੇ ਦੀ ਹਾਲਤ ਇਹ ਸੀ ਕਿ ਉਹ ਨਾ ਆਪਣੇ ਆਪ ਟੱਟੀ ਫਿਰ ਸਕਦਾ ਸੀ, ਨਾ ਆਪਣੇ ਆਪ ਪਿਸ਼ਾਬ ਕਰ ਸਕਦਾ ਸੀ । ਨਾ ਪਾਣੀ ਪੀ ਸਕਦਾ ਸੀ, ਨਾ ਰੋਟੀ ਖਾ ਸਕਦਾ ਸੀ, ਨਾ ਰਜਾਈ ਉੱਪਰ ਲੈ ਸਕਦਾ ਸੀ, ਨਾ ਉਤਾਰ ਸਕਦਾ ਸੀ। ਟੱਟੀ ਉਹ ਆਪਣੇ ਆਪ ਨਹੀਂ ਧੋ ਸਕਦਾ ਸੀ । ਉਹ ਜਦੋਂ ਬੈਠਦਾ ਸੀ ਤਾਂ ਪਿਛਲੇ ਪਾਸੇ ਦੇ ਪੈਰ ਇਕ ਦੂਜੇ ਨਾਲ ਸਿਰਿਆਂ ਤੋਂ ਜੁੜ ਜਾਂਦੇ ਸਨ ਤੇ ਜਦੋਂ ਉਹ ਇਸ ਤਰ੍ਹਾਂ ਬੈਠਾ ਹੋਇਆ ਟੱਟੀ ਫਿਰਦਾ ਸੀ ਤੇ ਟੱਟੀ ਦੀ ਗਿੱਲ ਤੋਂ ਬਚਣ ਲਈ ਅੱਗੇ ਖਿਸਕਦਾ ਸੀ ਤਾਂ ਇਸ ਦੇ ਪੈਰ ਟੱਟੀ ਉੱਪਰੋਂ ਲੰਘ ਜਾਂਦੇ ਸਨ ਤੇ ਲਿੱਬੜ ਜਾਂਦੇ ਸਨ । ਪੈਰਾਂ ਦੀ ਲੱਗੀ ਹੋਈ ਟੱਟੀ ਨੂੰ ਜਦੋਂ

ਇਹ ਇਕ ਪੈਰ ਨਾਲ ਦੂਜੇ ਪੈਰ ਤੋਂ ਉਤਾਰਨ ਦਾ ਯਤਨ ਕਰਦਾ ਤਾਂ ਇਸ ਦੀਆਂ ਲੱਤਾਂ ਦੀਆਂ ਦੋਵੇਂ ਪਿੰਞਣੀਆਂ ਟੱਟੀ ਨਾਲ ਲਿੱਬੜ ਜਾਂਦੀਆਂ ਸਨ । ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਕਿਹਾ ਕਿ ਇਸ ਬੱਚੇ ਦਾ ਪਿਓ ਇਸਨੂੰ ਸਾਡੇ ਘਰ ਛੱਡ ਕੇ ਆਪ ਅਲੋਪ ਹੋ ਗਿਆ ਹੈ ਤੇ ਉਸਨੂੰ ਗਏ ਨੂੰ ਇਕ ਮਹੀਨੇ ਦਾ ਸਮਾਂ ਹੋ ਚੁੱਕਿਆ ਹੈ। ਅਸੀਂ ਉਸ ਦੀ ਇਕ ਮਹੀਨਾ ਉਡੀਕ ਕੀਤੀ ਹੈ ਪਰ ਜਦੋਂ ਉਹ ਨਹੀਂ ਮੁੜਿਆ ਤਾਂ ਅਸੀਂ ਇਸ ਨੂੰ ਆਪਣੇ ਘਰੋਂ ਲੈ ਕੇ ਤੁਰ ਪਏ ਹਾਂ ਤਾਂ ਜੋ ਅਸੀਂ ਇਸ ਨੂੰ ਬੱਚਿਆਂ ਦੇ ਕਿਸੇ ਯਤੀਮਖ਼ਾਨੇ ਵਿਚ ਦਾਖ਼ਲ ਕਰਾ ਆਈਏ । ਲੂਲ੍ਹਾ ਹੋਣ ਦੇ ਕਾਰਨ ਇਸ ਦੀ ਜੋ ਸੇਵਾ ਸੰਭਾਲ ਹੈ ਉਹ ਸਾਡੇ ਘਰ ਦੀਆਂ ਇਸਤਰੀਆਂ ਨੂੰ ਕਰਨੀ ਔਖੀ ਹੈ । ਅਸੀਂ ਇਸਨੂੰ ਲੈ ਕੇ ਅੰਮ੍ਰਿਤਸਰ ਤੇ ਲਾਹੌਰ ਸ਼ਹਿਰ ਦੇ ਬੱਚਿਆਂ ਦੇ ਯਤੀਮਖ਼ਾਨੇ ਵਿਚ ਗਏ ਹਾਂ ਪਰ ਕਿਸੇ ਵੀ ਯਤੀਮਖ਼ਾਨੇ ਨੇ ਇਸਨੂੰ ਦਾਖ਼ਲ ਨਹੀਂ ਕੀਤਾ । ਹੁਣ ਸਾਡੇ ਅੱਗੇ ਹੋਰ ਕੋਈ ਚਾਰਾ ਨਹੀਂ ਰਹਿ ਗਿਆ । ਅਸੀਂ ਇਸਨੂੰ ਤੁਹਾਡੇ ਪਾਸ ਲੈ ਕੇ ਆਏ ਹਾਂ, ਕਿਉਂਕਿ ਆਪ ਦਾ ਗੁਰਦੁਆਰਾ ਪੰਜਾਬ ਦੀ ਰਾਜਧਾਨੀ ਦੇ ਸ਼ਹਿਰ ਲਾਹੌਰ ਦਾ ਸਿੱਖ-ਪੰਥ ਦਾ ਇਕ ਮਹਾਨ ਇਤਿਹਾਸਕ ਗੁਰਦੁਆਰਾ ਹੈ ਤੇ ਗੁਰਦੁਆਰੇ ਨਿਤਾਣਿਆਂ ਦੇ ਤਾਣ ਤੇ ਨਿਥਾਵਿਆਂ ਦੇ ਥਾਂ ਹੁੰਦੇ ਹਨ । ਆਪ ਇਸਨੂੰ ਆਪਣੇ ਗੁਰਦੁਆਰੇ ਵਿਚ ਸੰਭਾਲਣ ਲਈ ਸਾਡੇ ਪਾਸੋਂ ਲੈ ਲਵੋ। ਅੱਗੇ ਤੋਂ ਇਸ ਦੀ ਸੰਭਾਲ ਸਾਡੇ ਘਰ ਦੀ ਸਮਰੱਥਾ ਤੋਂ ਬਾਹਰ ਹੈ । ਉਨ੍ਹਾਂ ਦੋਹਾਂ ਸਿੱਖਾਂ ਦੀ ਇਹ ਗੱਲ ਸੁਣ ਕੇ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਅਸੀਂ ਇਸ ਬੱਚੇ ਨੂੰ ਨਹੀਂ ਲੈ ਸਕਦੇ । ਅਸੀਂ ਇਸ ਦੀ ਸੰਭਾਲ ਲਈ ਕੋਈ ਬੰਦੋਬਸਤ ਨਹੀਂ ਕਰ ਸਕਦੇ। ਉਨ੍ਹਾਂ ਬੰਦਿਆਂ ਨੇ ਉਸ ਬੱਚੇ ਤੋਂ ਛੁਟਕਾਰਾ ਪਾਉਣਾ ਸੀ, ਪਰ ਉਹ ਬੱਚੇ ਨੂੰ ਉਸ ਗੁਰਦੁਆਰੇ ਦੇ ਬੂਹੇ ਅੱਗੇ ਤੜਕੇ ਦੇ ਹਨੇਰੇ ਵਿਚ ਲਾਵਾਰਸੀ ਦੀ ਹਾਲਤ ਵਿਚ ਛੱਡ ਕੇ ਆਪਣੇ ਦਿਲ ਵਿਚ ਇਹ ਖ਼ਿਆਲ ਲੈ ਕੇ ਗਏ ਹੋਣਗੇ ਜਿਹੜਾ ਉਨ੍ਹਾਂ ਦਾ ਖ਼ਿਆਲ ਉਚਿਤ ਬਣਦਾ ਸੀ ਕਿ ਸਾਨੂੰ ਇਸ ਬੱਚੇ ਨੂੰ ਗੁਰਦੁਆਰੇ ਦੇ ਬੂਹੇ ਅੱਗੇ ਛੱਡਣ ਦਾ ਕੋਈ ਪਾਪ ਨਹੀਂ ਲੱਗੇਗਾ ਕਿਉਂਕਿ ਇਹ ਰੱਬ ਦਾ ਘਰ ਹੈ ਤੇ ਰੱਬ ਸਭ ਦਾ ਪਾਲਕ ਹੈ । ਹੁਣ ਜੇ ਗੁਰਦੁਆਰੇ ਵਾਲੇ ਇਸ ਨੂੰ ਸੜਕ ਦੇ ਕੰਢੇ ਤੋਂ ਨਾ ਚੁੱਕਣਗੇ ਤਾਂ ਇਸ ਦੀ ਬਿਨ ਆਈ ਮੌਤ 'ਤੇ ਮਰਨ ਦਾ ਪਾਪ ਗੁਰਦੁਆਰੇ ਵਾਲਿਆਂ ਨੂੰ ਲੱਗੇਗਾ।

ਇਸ ਖ਼ਿਆਲ ਤੋਂ ਇਹ ਸਮਝ ਆਉਂਦੀ ਹੈ ਕਿ ਬਾਬਾ ਜੀ ਨੇ ਰੱਬ



ਦੇ ਘਰ ਦੀ ਲਾਜ ਰੱਖੀ ਅਤੇ ਪਿਆਰੇ ਦੀ ਸੇਵਾ ਕਰਕੇ ਰੱਬ ਦਾ ਸੱਚਾ ਪੁੱਤਰ ਹੋਣ ਦਾ ਸਬੂਤ ਦਿੱਤਾ।

ਇਹੋ ਜਿਹੇ ਬੱਚੇ ਜਿਸ ਨੂੰ ਅਸੀਂ ਡਾਕਟਰੀ ਜ਼ੁਬਾਨ ਵਿਚ ਸੈਰੀਬਰਲ ਪਾਲਸੀ (Cerebral Palsy) ਕਹਿੰਦੇ ਹਾਂ, ਦੀ ਉਮਰ ਵੱਧ ਤੋਂ ਵੱਧ ੩੦-੩੫ ਸਾਲ ਦੀ ਹੁੰਦੀ ਹੈ, ਪਰ ਵੀਰ ਪਿਆਰਾ ਸਿੰਘ ੬੪ ਸਾਲ ਜਿਊਂਦਾ ਰਿਹਾ। ਇਸ ਦਾ ਵੱਡਾ ਕਾਰਨ ਸੀ ਕਿ ਬਾਬਾ ਜੀ ਨੇ ਇਸਨੂੰ ਮਾਵਾਂ ਤੋਂ ਵੱਧ ਪਿਆਰ ਦਿੱਤਾ । ਉਹਨਾਂ ਨੇ ਇਸ ਲਈ ਪੜ੍ਹਾਈ ਵੀ ਕੀਤੀ ਕਿ ਇਸ ਤਰ੍ਹਾਂ ਦੇ ਘੱਟ ਦਿਮਾਗ਼ ਦੇ ਬੱਚੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ। ਇਹੋ ਜਿਹੇ ਬੱਚੇ ਸਰੀਰਿਕ ਤੌਰ 'ਤੇ ਤਾਂ ਵੱਡੇ ਹੋ ਜਾਂਦੇ ਹਨ ਪਰ ਦਿਮਾਗ਼ੀ ਤੌਰ 'ਤੇ ਬਹੁਤ ਛੋਟੇ ਬੱਚੇ ਵਰਗੇ ਹੁੰਦੇ ਹਨ । ਕਿਸੇ ਵਿਦਵਾਨ ਨੇ ਕਿਹਾ ਹੈ ਕਿ ਇਸ ਦੁਨੀਆਂ ਵਿਚ ਸਭ ਤੋਂ ਉਦਾਸ ਉਹ ਬੱਚਾ ਹੈ ਜਿਸਨੂੰ ਕੋਈ ਹਸਾਵੇ ਖਿਡਾਵੇ ਨਾ, ਕਿਉਂਕਿ ਬੱਚਾ ਸਿਰਫ਼ ਵਰਤਮਾਨ ਵਿਚ ਰਹਿੰਦਾ ਹੈ, ਨਾ ਤਾਂ ਉਹ ਭੂਤਕਾਲ ਨੂੰ ਯਾਦ ਕਰਦਾ ਹੈ ਅਤੇ ਨਾ ਹੀ ਭਵਿੱਖ ਬਾਰੇ ਕੋਈ ਯੋਜਨਾਵਾਂ ਬਣਾਉਂਦਾ ਹੈ । ਇਸ ਲਈ ਜ਼ਰੂਰੀ ਹੈ ਕਿ ਮੰਦ-ਬੁੱਧੀ ਵਾਲੇ ਬੱਚੇ ਭਾਵੇਂ ਸਰੀਰਕ ਤੌਰ 'ਤੇ ਵੱਡੇ ਹੋ ਜਾਣ ਉਹਨਾਂ ਨੂੰ ਬੱਚਿਆਂ ਵਾਂਗ ਹੀ ਹਸਾਉਣਾ ਖਿਡਾਉਣਾ ਅਤੇ ਛੇੜਖ਼ਾਨੀ ਕਰਦੇ ਰਹਿਣਾ ਚਾਹੀਦਾ ਹੈ । ਇਸ ਸੋਚ ਨੂੰ ਮੁੱਖ ਰੁੱਖ ਕੇ ਬਾਬਾ ਜੀ ਆਪ ਵੀ ਪਿਆਰੇ ਨੂੰ ਛੇੜਦੇ ਸਨ ਅਤੇ ਸੇਵਾਦਾਰਾਂ ਨੂੰ ਵੀ ਕਹਿੰਦੇ ਸਨ ਕਿ ਪਿਆਰੇ ਨੂੰ ਬੁਲਾਉਂਦੇ ਰਿਹਾ ਕਰੋ । ਇੰਵ ਪਿਆਰਾ ਸਿੰਘ ਬਾਬਾ ਜੀ ਦਾ ਅਤੇ ਹੋਰ ਸੇਵਾਦਾਰਾਂ ਲਈ ਨਿੱਕਾ ਬੱਚਾ ਬਣਿਆ ਰਿਹਾ । ਪਿਆਰੇ ਨੂੰ ਪਰਚਾਉਂਦੇ ਖਿਡਾਉਂਦੇ ਆਪ ਵੀ ਸਾਰੇ ਖ਼ੁਸ਼ ਹੁੰਦੇ । ਬਾਬਾ ਜੀ ਭਾਵੇਂ ਕਿੰਨਾ ਹੀ ਜ਼ਰੂਰੀ ਕੰਮ ਕਰਦੇ ਹੁੰਦੇ ਪਰ ਪਿਆਰੇ ਨੂੰ ਬੁਲਾਉਣਾ ਨਾ ਭੁੱਲਦੇ ।

ਪਿਆਰੇ ਨੂੰ ਕੁਤਕੁਤਾਰੀਆਂ ਕੱਢਦੇ ਹੋਏ ਕਹਿੰਦੇ, **"ਇਹ ਪਿਆਰਾ ਹੈ, ਨਹੀਂ, ਇਹ ਪਿਆਰਾ ਨਹੀਂ !" ਫਿਰ ਪਿਆਰੇ ਨੇ ਬਦਲਾ ਲੈਂਦੇ ਹੋਏ ਇਸ਼ਾਰੇ ਨਾਲ ਰੌਲਾ ਪਾਉਂਦੇ ਸਮਝਾਉਣਾ ਕਿ ਤੂੰ ਵੀ ਭਗਤ ਪੂਰਨ ਸਿੰਘ ਨਹੀਂ, ਇਹ ਵੀ ਨਜ਼ਾਰਾ ਵੇਖਿਆਂ ਹੀ ਬਣਦਾ ਸੀ ।**

ਬਾਬਾ ਜੀ ਪਿਆਰੇ ਦੀ ਹਰ ਨਿੱਕੀ ਨਿੱਕੀ ਹਰਕਤ ਨੂੰ ਵੇਖ ਕਿ ਇੰਵ ਖ਼ੁਸ਼ ਹੁੰਦੇ ਜਿਵੇਂ ਮਾਂ ਆਪਣੇ ਬੱਚੇ ਨੂੰ ਦੇਖ ਕੇ ਖ਼ੁਸ਼ ਹੁੰਦੀ ਹੈ । ਇਹਨਾਂ ਵਿਚੋਂ ਕੁਝ ਕੁ ਨਜ਼ਾਰੇ ਆਪ ਸਭ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ । ਬਾਬਾ ਜੀ

ਲਿਖਦੇ ਹਨ: **"ਛੋਟਾ ਹੁੰਦਾ ਪਿਆਰਾ ਮੂਧੇ ਗੋਡੇ ਮਾਰ ਕੇ ਬੈਠ ਜਾਂਦਾ ਹੁੰਦਾ ਸੀ ਅਤੇ ਰਿੜ-ਰਿੜ ਕੇ ਕਸਰਤ ਕਰ ਲੈਂਦਾ ਸੀ ਅਤੇ ਆਪਣਾ ਦਿਲ ਪਰਚਾਅ ਲੈਂਦਾ ਸੀ । ਫਿਰ ਜਦ ਪੁੱਠੇ ਗੋਡੇ ਮਾਰ ਕੇ ਰੇਤ ਵਾਲੀ ਧਰਤੀ ਉੱਤੇ ਬੈਠਾ ਹੁੰਦਾ ਸੀ ਤਾਂ ਦੋਹਾਂ ਹੱਥਾਂ ਨਾਲ ਮਿੱਟੀ ਚੁੱਕ ਕੇ ਚੱਕੀ ਦੇ ਗਲੇ ਵਾਂਗ ਹੇਠਾਂ ਸੁੱਟਿਆ ਕਰਦਾ ਸੀ ਤੇ ਇਸ ਤਰ੍ਹਾਂ ਨਾਲ ਦੋਹਾਂ ਹੱਥਾਂ ਦੀ ਉਂਜਲ ਵਿਚ ਮਿੱਟੀ ਨੂੰ ਸੁੱਟਦਿਆਂ ਹੋਇਆਂ ਗਾਇਆ ਕਰਦਾ ਸੀ । ਉਸ ਵੇਲੇ ਮੈਨੂੰ ਆਪਣੀ ਮਾਂ ਦੀ ਛਤਰ-ਛਾਇਆ ਹੇਠ ਤੇ ਉਸ ਦੀ ਪਿਆਰ ਭਰੀ ਨਿਗਾਹ ਹੇਠ ਖੇਲ੍ਹਣ ਮੱਲ੍ਹਣ ਦੀਆਂ ਝਾਕੀਆਂ ਯਾਦ ਆ ਜਾਇਆ ਕਰਦੀਆਂ ਸਨ।"**

ਇਸ ਗੱਲ ਤੋਂ ਇਕ ਹੋਰ ਨਜ਼ਾਰਾ ਅੱਖਾਂ ਅੱਗੇ ਆ ਗਿਆ । ਵੀਰ ਪਿਆਰਾ ਸਿੰਘ ਜਦੋਂ ੫੦ ਸਾਲ ਦੇ ਲੱਗਭੱਗ ਹੋ ਗਿਆ ਸੀ ਜਾਂ ਇਸ ਤੋਂ ਵੀ ਵੱਡਾ, ਫਿਰ ਵੀ ਬਾਬਾ ਜੀ ਉਸਨੂੰ ਆਪਣੀ ਗੋਦ ਵਿਚ ਛਾਤੀ ਅਤੇ ਢਿੱਡ ਦਾ ਨਿੱਘ ਦੇ ਕੇ ਬੈਠ ਜਾਂਦੇ ਅਤੇ ਕਹਿੰਦੇ, **"ਜਦੋਂ ਪਿਆਰਾ ਮੇਰੀ ਗੋਦ ਵਿਚ ਹੁੰਦਾ ਹੈ ਤਾਂ ਮੈਨੂੰ ਇੰਞ ਲੱਗਦਾ ਹੈ ਜਿਵੇਂ ਮੈਂ ਆਪਣੀ ਮਾਂ ਦੀ ਗੋਦ ਵਿਚ ਬੈਠਾ ਹੋਵਾਂ ।"**

ਇਕ ਥਾਂ ਬਾਬਾ ਜੀ ਲਿਖਦੇ ਹਨ, "ਲੂਲ੍ਹੇ ਦੀ ਬੁੱਧੀ ਸੱਤ ਕੁ ਸਾਲਾਂ ਦੀ ਉਮਰ ਦੇ ਬਾਲਕਾਂ ਦੀ ਬੁੱਧੀ ਤੋਂ ਅਗਾਂਹ ਨਹੀਂ ਵਧ ਸਕੀ । ਉਹ ਹਰ ਵੇਲੇ ਮੈਨੂੰ ਆਪਣੀ ਬਾਲ ਲੀਲ੍ਹਾ ਨਾਲ ਪ੍ਰਸੰਨ ਰੱਖਦਾ ਹੈ । ਉਹ ਗੂੰਗਾ ਹੈ ਤੇ ਗਿਣਤੀ ਦੇ ਕੁਝ ਕੁ ਸ਼ਬਦ ਹੀ ਬੋਲ ਸਕਦਾ ਹੈ । ਉਹ ਆਪਣੀ ਜਿਸ ਗੱਲ ਜਾਂ ਤਕਲੀਫ਼ ਨੂੰ ਮੈਨੂੰ ਬੋਲ ਕੇ ਨਾ ਦੱਸ ਸਕੇ ਤੇ ਮੈਂ ਉਸਨੂੰ ਠੀਕ ਨਾ ਸਮਝ ਸਕਾਂ ਤਾਂ ਉਹ ਫਟ ਮੈਨੂੰ 'ਕੁੱਤਾ' ਕਹਿ ਕੇ ਗੁੱਸਾ ਕੱਢ ਲੈਂਦਾ ਹੈ। ਉਸ ਵੇਲੇ ਮੈਨੂੰ ਉਸ ਦੇ ਪੁੱਤਰ ਵਾਲੇ ਪਿਆਰ ਤੇ ਉਸ ਦੇ ਕਾਰਨ ਬਣੀ ਹੋਈ ਸੰਸਥਾ ਦੀਆਂ ਰੱਬੀ ਬਰਕਤਾਂ ਦਾ ਧਿਆਨ ਆ ਜਾਂਦਾ ਹੈ ਅਤੇ ਮੇਰਾ ਹਿਰਦਾ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਅਗਾਧਿ ਖ਼ੁਸ਼ੀ ਨਾਲ ਭਰ ਜਾਂਦਾ ਹੈ। "

ਬਾਬਾ ਜੀ ਦੱਸਦੇ ਹੁੰਦੇ ਸਨ ਕਿ ਪਿਆਰੇ ਦੇ ਸਰੀਰ ਦਾ ਹੇਠਲਾ ਹਿੱਸਾ ਜ਼ਿਆਦਾ ਕਮਜ਼ੋਰ ਸੀ । ਉਸ ਦੇ ਪੱਠੇ ਕਮਜ਼ੋਰ ਸਨ ਜਿਸ ਕਰਕੇ ਉਸਨੂੰ ਟੱਟੀ ਕਰਨ ਲਈ ਕਾਫ਼ੀ ਦੇਰ ਲੱਗਦੀ ਸੀ ਅਤੇ ਬਹੁਤੀ ਵਾਰ ਤਾਂ ਅਨੀਮਾ ਹੀ ਕਰਨਾ ਪੈਂਦਾ ਸੀ । ਠੰਡ ਵਿਚ ਜ਼ਿਆਦਾ ਦੇਰ ਨੰਗੇ ਬੈਠਣ 'ਤੇ ਠੰਢ ਚੜ੍ਹਨ ਦਾ ਡਰ ਹੁੰਦਾ ਸੀ । ਇਸ ਲਈ ਮੈਂ ਬਿਸਤਰਾ ਨਿੱਘਾ ਰੱਖਦਾ ਸਾਂ ਅਤੇ ਸੇਵਾਦਾਰਾਂ ਨੂੰ ਕਹਿੰਦਾ ਸਾਂ ਕਿ ਜਦੋਂ ਪਿਆਰਾ ਵਿਹਲਾ ਹੋ ਜਾਵੇ



ਤਾਂ ਮੈਨੂੰ ਫੜਾ ਦਿਓ । ਉਹ ਪਿਆਰੇ ਨੂੰ ਮੇਰੇ ਕੋਲ ਨਿੱਘੇ ਬਿਸਤਰੇ ਵਿਚ ਪਾ ਦਿੰਦੇ ਅਤੇ ਮੈਂ ਉਸਨੂੰ ਆਪਣੇ ਸਰੀਰ ਦਾ ਨਿੱਘ ਦਿਆ ਕਰਦਾ ਸਾਂ, ਕਿਉਂਕਿ ਮੈਨੂੰ ਪਤਾ ਸੀ ਕਿ ਪਿਆਰੇ ਦਾ ਸਰੀਰ ਕਮਜ਼ੋਰ ਹੈ ਅਤੇ ਆਪ ਨਿੱਘ ਪੈਦਾ ਨਹੀਂ ਕਰ ਸਕਦਾ । ਇੰਨਾ ਧਿਆਨ ਤਾਂ ਮਾਵਾਂ ਵੀ ਸ਼ਾਇਦ ਨਾ ਦੇ ਸਕਦੀਆਂ ਹੋਣ।

ਬਾਬਾ ਜੀ ਆਪ ਹਮੇਸ਼ਾਂ ਭੁੰਜੇ ਹੀ ਬੈਠਦੇ ਸਨ ਅਤੇ ਵੀਰ ਪਿਆਰਾ ਸਿੰਘ ਨੂੰ ਕੁਰਸੀ 'ਤੇ ਬਿਠਾਉਂਦੇ ਸਨ । ਆਪ ਪੜ੍ਹਨ ਲਿਖਣ ਵਿਚ ਲੱਗੇ ਰਹਿੰਦੇ ਸਨ । ਇਕ ਵਾਰੀ ਬਾਬਾ ਜੀ ਨੇ ਕੋਈ ਜ਼ਰੂਰੀ ਗੱਲ ਲਿਖ ਕੇ ਕਾਗ਼ਜ਼ ਜੇਬ ਵਿਚ ਪਾ ਲਿਆ ਅਤੇ ਹੋਰ ਅਖ਼ਬਾਰਾਂ ਅਤੇ ਮੈਗਜ਼ੀਨ ਪੜ੍ਹਨ ਵਿਚ ਰੁਝ ਗਏ । ਕਾਫ਼ੀ ਦੇਰ ਬਾਅਦ ਉਹਨਾਂ ਨੂੰ ਕਾਗ਼ਜ਼ ਦਾ ਖ਼ਿਆਲ ਆਇਆ ਪਰ ਭੁੱਲ ਗਏ ਕਿ ਕਾਗ਼ਜ਼ ਕਿੱਥੇ ਰੱਖਿਆ ਹੈ । ਆਲੇ ਦੁਆਲੇ ਅਖ਼ਬਾਰਾਂ ਅਤੇ ਰਸਾਲੇ ਫਰੋਲ ਕੇ ਲੱਭਣ ਲੱਗ ਪਏ । ਸੇਵਾਦਾਰ ਵੀ ਮਦਦ ਕਰਨ ਲੱਗੇ । ਵੀਰ ਪਿਆਰਾ ਸਿੰਘ ਨੇ ਆਵਾਜ਼ ਕੱਢ ਕੇ ਬਾਬਾ ਜੀ ਦਾ ਧਿਆਨ ਖਿੱਚ ਕੇ ਇਸ਼ਾਰੇ ਨਾਲ ਦੱਸਿਆ ਕਿ ਜਿਹੜਾ ਕਾਗ਼ਜ਼ ਲੱਭ ਰਹੇ ਹੋ, ਉਹ ਤੁਹਾਡੀ ਜੇਬ ਵਿਚ ਹੈ ।

ਭਗਤ ਜੀ ਉਸ ਵੱਲ ਵੇਖ ਕੇ ਮੈਨੂੰ ਕਹਿਣ ਲੱਗੇ, "ਪਿਆਰੇ ਦੀਆਂ ਇਹਨਾਂ ਗੱਲਾਂ ਤੋਂ ਤਾਂ ਮੈਂ ਬਲਿਹਾਰ ਜਾਂਦਾ ਹਾਂ ।"

ਇਕ ਵਾਰੀ ਦੀ ਗੱਲ ਹੈ ਕਿ ਬਾਬਾ ਜੀ ਨੂੰ ਮੈਂ ਹਰਨੀਆਂ ਦਾ ਓਪਰੇਸ਼ਨ ਕਰਵਾਉਣ ਲਈ ਸੰਗਰੂਰ ਲੈ ਗਈ । ਆਮ ਤੌਰ 'ਤੇ ਬਾਬਾ ਜੀ ਪਿਆਰੇ ਨੂੰ ਲੈ ਕੇ ਜਾਂਦੇ ਸਨ ਪਰ ਇਸ ਵਾਰੀ ਉਸਨੂੰ ਅੰਮ੍ਰਿਤਸਰ ਹੀ ਛੱਡ ਕੇ ਚਲੇ ਗਏ । ਸਮਾਂ ਵੀ ਜ਼ਿਆਦਾ ਲੱਗ ਗਿਆ ਸੀ । ਪਿਆਰਾ ਉਦਾਸ ਹੋ ਗਿਆ । ਜਦੋਂ ਮੈਂ ਬਾਬਾ ਜੀ ਨਾਲ ਅੰਮ੍ਰਿਤਸਰ ਵਾਪਸ ਆਈ ਤਾਂ ਬਾਬਾ ਜੀ ਸਿੱਧੇ ਪਿਆਰੇ ਕੋਲ ਇਵੇਂ ਪਹੁੰਚੇ ਜਿਵੇਂ ਗਾਂ ਵੱਛੇ ਵੱਲ ਭੱਜੀ ਜਾਂਦੀ ਹੁੰਦੀ ਹੈ। ਮੈਂ ਡਿਓਢੀ ਵਿਚ ਹੀ ਸੇਵਾਦਾਰਾਂ ਨਾਲ ਗੱਲੀਂ ਲੱਗ ਗਈ । ਇਕ ਸੇਵਾਦਾਰ ਬਾਬਾ ਜੀ ਤੇ ਪਿਆਰੇ ਕੋਲੋਂ ਆਇਆ ਅਤੇ ਮੈਨੂੰ ਕਹਿਣ ਲੱਗਾ, "ਬੀਬੀ ਜੀ, ਤੁਸੀਂ ਹੁਣ ਓਧਰ ਚਲੋ ਅਤੇ ਜਾ ਕੇ ਚੱਲ ਰਿਹਾ ਝਗੜਾ ਨਿਪਟਾਓ ।" ਮੈਂ ਇਕ ਦਮ ਘਬਰਾ ਗਈ ਕਿ ਪਤਾ ਨਹੀਂ ਕਿਸ ਗੱਲ ਕਰਕੇ ਝਗੜਾ ਹੋਇਆ ਹੈ । ਮੈਂ ਜਾਂਦੇ ਜਾਂਦੇ ਪੁੱਛਿਆ, "ਕੀ ਗੱਲ ਹੋ ਗਈ ਹੈ ? ਕਿਸ ਗੱਲ ਦਾ ਝਗੜਾ ?" ਕਹਿਣ ਲੱਗੇ, ਪਿਆਰਾ ਬਾਬਾ ਜੀ ਨਾਲ ਗੁੱਸੇ ਹੋ ਗਿਆ ਹੈ।

ਬਾਬਾ ਜੀ ਪਿਆਰੇ ਦੇ ਪੈਰ ਫੜੀ ਬੈਠੇ ਹਨ ਪਰ ਪਿਆਰਾ ਅੱਗੋਂ ਗਾਲ੍ਹਾਂ ਕੱਢਦਾ ਹੈ, ਮੰਨ ਹੀ ਨਹੀਂ ਰਿਹਾ । ਇੰਨੇ ਵਿਚ ਮੈਂ ਪਹੁੰਚ ਗਈ । ਸੱਚਮੁੱਚ ਇਹ ਨਜ਼ਾਰਾ ਦੇਖਦਿਆਂ ਹੀ ਬਣਦਾ ਸੀ । ਪਿਆਰਾ ਲੰਮਾ ਪਿਆ ਹੋਇਆ ਸੀ ਪਰ ਉਸ ਦੀਆਂ ਲੱਤਾਂ ਸਿੱਧੀਆਂ ਨਹੀਂ ਸੀ ਹੁੰਦੀਆਂ, ਸੋ ਗੋਡੇ ਖੜ੍ਹੇ ਕਰ ਕੇ ਲੰਮਾ ਪਿਆ ਹੋਇਆ ਸੀ ਅਤੇ ਬਾਬਾ ਜੀ ਉਹਦੇ ਪੈਰ ਫੜੀ ਮੰਜੀ ’ਤੇ ਬੈਠੇ ਸਨ। ਕੋਈ ਦਸ ਮਿੰਟ ਤੋਂ ਇੰਞ ਹੀ ਬੈਠੇ ਸਨ । ਮੈਂ ਜਾ ਕੇ ਪਿਆਰੇ ਨੂੰ ਸਿਫ਼ਾਰਸ਼ ਲਾਈ । ਮੈਂ ਪਿਆਰੇ ਨੂੰ ਕਿਹਾ, “ਪਿਆਰੇ ਇਸ ਵਾਰੀ ਬਾਬਾ ਜੀ ਬੀਮਾਰ ਸਨ ਤਾਂ ਹੀ ਏਨੀ ਦੇਰ ਲੱਗ ਗਈ ਹੈ । ਉਂਞ ਹਰ ਵੇਲੇ ਤੈਨੂੰ ਯਾਦ ਕਰਦੇ ਸਨ । ਅੱਗੇ ਤੋਂ ਹਮੇਸ਼ਾਂ ਪਿਆਰੇ ਨੂੰ ਨਾਲ ਹੀ ਲੈ ਕੇ ਜਾਇਆ ਕਰਨਗੇ । ਇਸ ਵਾਰੀ ਮੁਆਫ਼ ਕਰ ਦੇ ।” ਮੇਰੀ ਇਹ ਬੇਨਤੀ ਪਿਆਰੇ ਨੇ ਮੰਨ ਲਈ ਤਾਂ ਜਾ ਕੇ ਕਿਧਰੇ ਸੁਲ੍ਹਾ ਹੋਈ ।

ਬਾਬਾ ਜੀ ਅਤੇ ਪਿਆਰਾ ਸਿੰਘ ਦੋ ਜਿਸਮ ਇਕ ਜਾਨ ਵਾਲੀ ਗੱਲ ਸੀ। ਬਾਬਾ ਜੀ ਮੈਨੂੰ ਦੱਸਿਆ ਕਰਦੇ ਸਨ ਕਿ ਮੈਂ ਬਹੁਤ ਭੁੱਖਾਂ ਕੱਟੀਆਂ ਹਨ। ਇਕ ਵਾਰੀ ਤਾਂ ਇਕ ਮਹੀਨਾ ਲੱਸੀ ’ਤੇ ਗੁਜ਼ਾਰਾ ਕੀਤਾ ਸੀ। ਕਦੀ ਕਦੀ ਇਨਸਾਨ ਵਿਚ ਨਾ ਪੱਖੀ ਵਿਚਾਰ ਆ ਜਾਂਦੇ ਹਨ । ਬਾਬਾ ਜੀ ਕਹਿੰਦੇ ਹਨ ਕਿ ਮੈਂ ਵੀ ਭੁੱਖ ਦੇ ਦੁੱਖ ਤੋਂ ਪਿਆਰੇ ਨੂੰ ਕਿਹਾ, “ਪਿਆਰਿਆ ਮੈਂ ਲੱਗਾ ਈ ਖੂਹ ’ਚ ਛਾਲ ਮਾਰਨ” ਪਿਆਰਾ ਤਾਂ ਇਕ ਦਮ ਠਠੰਬਰ ਗਿਆ ਅਤੇ ਇਸ਼ਾਰੇ ਨਾਲ ਕਹਿਣ ਲੱਗਾ, “ ਪਹਿਲਾਂ ਮੈਨੂੰ ਖੂਹ ਵਿਚ ਸੁੱਟ” ਬੱਸ ਐਨਾ ਕਹਿਣ ਦੀ ਗੱਲ ਸੀ ਕਿ ਬਾਬਾ ਜੀ ਘਬਰਾ ਗਏ ਅਤੇ ਪਿਆਰੇ ਦੇ ਪਿਆਰ ਵਿਚ ਰੋਣ ਲੱਗ ਪਏ ।

ਇਹ ਗੱਲ ਯਾਦ ਕਰਕੇ ਬਾਬਾ ਜੀ ਕਹਿਣ ਲੱਗ ਪੈਂਦੇ ਕਿ ਪਿਆਰੇ ਦਾ ਮੈਂ ਕਿਹੜੀ ਕਿਹੜੀ ਗੱਲ ਦਾ ਧੰਨਵਾਦ ਕਰਾਂ ? ਨਾਲ ਹੀ ਆਪਣੇ ਹਿਰਦੇ ਦੀ ਵੇਦਨਾ ਕੁਝ ਇਸ ਤਰ੍ਹਾਂ ਬਿਆਨ ਕਰਦੇ ਸਨ:

“ਮੈਂ ਰੱਬ ਦਾ ਧੰਨਵਾਦੀ ਹੋ ਜਾਂਦਾ ਹਾਂ ਕਿ ਉਸਨੇ ਮੇਰਾ ਸੰਬੰਧ ਚੜ੍ਹਦੀ ਜਵਾਨੀ ਵਿਚ ਇਕ ਐਸੀ ਧਾਰਮਿਕ ਸੰਸਥਾ ਨਾਲ ਜੋੜਿਆ ਸੀ ਜੋ ਮੈਨੂੰ ਆਪਣੀ ਮਾਂ ਨਾਲ ਕੀਤਾ ਹੋਇਆ ਉਹ ਪ੍ਰਣ ਸਫਲਤਾ ਨਾਲ ਨਿਭਾਉਣ ਦਾ ਚੇਤਾ ਕਰਾਉਂਦੀ ਰਹਿੰਦੀ ਸੀ ਜਿਸ ਵਿਚ ਮੈਂ ਆਖਿਆ ਸੀ ਕਿ ਮੈਂ ਸਾਰੀ ਉਮਰ ਕੰਵਾਰਾ ਰਹਿੰਦਿਆਂ ਹੋਇਆਂ ਨਿਸ਼ਕਾਮ ਸੇਵਾ ਦਾ ਪਵਿੱਤਰ ਜੀਵਨ ਬਿਤਾਉਣਾ ਹੈ । ਮੈਂ ਲੂਲ੍ਹੇ ਪਿਆਰੇ ਦੀ ਸੇਵਾ ਲਈ ਰੱਬ ਦਾ ਕਿਨ੍ਹਾਂ ਸ਼ਬਦਾਂ



ਨਾਲ ਧੰਨਵਾਦ ਕਰਾਂ ਜਿਸ ਦੇ ਕਾਰਨ ਮੈਨੂੰ ਅਨੇਕ ਪ੍ਰਕਾਰ ਦੀਆਂ ਬਰਕਤਾਂ ਪ੍ਰਾਪਤ ਹੋ ਰਹੀਆਂ ਹਨ ਜਿਨ੍ਹਾਂ ਦੇ ਧਿਆਨ ਨਾਲ ਮੇਰੇ ਹਿਰਦੇ ਵਿਚ ਪੈਦਾ ਹੋਣ ਵਾਲੇ ਧੰਨਵਾਦ ਦੇ ਜਜ਼ਬੇ ਤੋਂ ਹੰਝੂਆਂ ਦੀਆਂ ਐਸੀਆਂ ਝਾੜੀਆਂ ਲੱਗ ਰਹੀਆਂ ਹਨ ਜੋ ਰੱਬ ਦੇ ਗਲੇ ਦਾ ਹਾਰ ਬਣਦੀਆਂ ਹਨ ।”

ਕਈ ਵਾਰੀ ਤਾਂ ਬਾਬਾ ਜੀ ਮੈਨੂੰ ਕਹਿੰਦੇ, “**ਬੀਬੀ, ਪਿਆਰਾ ਤਾਂ ਮੇਰਾ ਰੱਬ ਹੈ । ਉਹੋ ! ਜਦੋਂ ਮੈਂ ਪਿਆਰੇ ਦੇ ਮੁੜੇ ਹੋਏ ਅਤੇ ਨਕਾਰੇ ਹੱਥਾਂ ਵੱਲ ਦੇਖਦਾ ਹਾਂ ਤਾਂ ਮੈਨੂੰ ਰੱਬ ਯਾਦ ਆ ਜਾਂਦਾ ਹੈ । ਮੈਂ ਆਪਣੇ ਸੁਹਣੇ ਸਰੀਰ ਲਈ ਰੱਬ ਦਾ ਧੰਨਵਾਦ ਕਰਦਾ ਨਹੀਂ ਥੱਕਦਾ । ਉਹ ਮੈਨੂੰ ਰੱਬ ਯਾਦ ਕਰਾਉਂਦਾ ਹੈ, ਇਸ ਲਈ ਇਹ ਮੇਰਾ ਰੱਬ ਹੈ ।**”

ਪਿਆਰੇ ਦੀ ਸੇਵਾ ਦੀ ਸਭ ਤੋਂ ਵੱਡੀ ਬਰਕਤ ਉਹ ਪਿੰਗਲਵਾੜਾ ਸੰਸਥਾ ਦੀ ਹੋਂਦ ਨੂੰ ਮੰਨਦੇ ਸਨ । **ਮੈਨੂੰ ਕਿਹਾ ਕਰਦੇ ਸਨ, “ਬੀਬੀ ! ਜੇ ਕਿਸੇ ਹੋਰ ਨੂੰ ਇਹ ਪਤਾ ਹੁੰਦਾ ਕਿ ਪਿਆਰੇ ਦੀ ਸੇਵਾ ਕਰਕੇ ਇਕ ਸੰਸਥਾ ਖੜ੍ਹੀ ਹੋ ਜਾਣੀ ਹੈ ਤਾਂ ਕੋਈ ਹੋਰ ਇਹ ਸੇਵਾ ਕਰ ਲੈਂਦਾ, ਪਰ ਰੱਬ ਨੇ ਇਹ ਸਭ ਕੁਝ ਦਾ ਗੁੱਝਾ ਭੇਦ ਆਪਣੇ ਕੋਲ ਰੱਖਿਆ ਹੋਇਆ ਹੈ।”** ਬਾਬਾ ਜੀ ਤਾਂ ਪਿਆਰੇ ਦੇ ਪਿਆਰ ਵਿਚ ਰੰਗੇ ਹੋਏ ਸਨ । ਉਹਨਾਂ ਨੂੰ ਪਿਆਰੇ ਦੀ ਸੇਵਾ ਵਿੱਚੋਂ ਆਨੰਦ ਮਿਲਦਾ ਸੀ । ਹਰ ਇਨਸਾਨ ’ਤੇ ਏਨੀ ਬਖ਼ਸ਼ਿਸ਼ ਨਹੀਂ ਹੁੰਦੀ।

ਡਾ:ਇੰਦਰਜੀਤ ਕੌਰ
ਮੁੱਖ ਸੇਵਿਕਾ
ਪਿੰਗਲਵਾੜਾ ਅੰਮ੍ਰਿਤਸਰ ।

## ਸੰਨ ੧੯੩੪ ਵਿਚ ਆਈ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਗੁਰਦਵਾਰਾ ਡੇਹਰਾ ਸਾਹਿਬ ਲਾਹੌਰ (ਸ੍ਰੀ ਗੁਰੂ ਅਰਜਨ ਦੇਵ ਜੀ) ਦੇ ਅੱਗੇ ਲਾਵਾਰਸੀ ਦੀ ਹਾਲਤ ਵਿਚ ਛੱਡਿਆ ਗਿਆ ਲੂਲ੍ਹਾ ਬਾਲਕ

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ ।
ਪਿੰਗਲੇ ਪਿਆਰੇ ਦਾ ਸੱਚਾ ਉਹ ਪੁਜਾਰੀ ਏ ।
ਇਕ ਲੂਲ੍ਹਾ ਬੱਚਾ ਜਦੋਂ ਦੁਖੀ ਦੇਖਿਆ ।
ਲਾਵਾਰਸ ਗ਼ਰੀਬ ਨੰਗਾ ਭੁੱਖਾ ਦੇਖਿਆ ।
ਮਾਸੂਮ ਦੀਆਂ ਅੱਖੀਆਂ 'ਚ ਨੀਰ ਦੇਖਿਆ ।
ਪਾਲਣੇ ਯਤੀਮ ਕੀਤੀ ਤੁਰੰਤ ਤਿਆਰੀ ਏ ।
ਬਾਨੀ ਪਿੰਗਲਵਾੜਾ......

ਗੋਦੀਆ ਖਿਡਾਇਆ ਮੰਗ ਕੇ ਖਿਲਾਇਆ ਤੂੰ ।
ਪਿੰਗਲੇ ਦਾ ਘੋੜਾ ਬਣ ਵੀ ਵਿਖਾਇਆ ਤੂੰ ।
ਗਲੇ ਵਾਲਾ ਹਾਰ ਪਿੰਗਲਾ ਬਣਾਇਆ ਤੂੰ ।
ਸਾਲ ਚੌਦਾਂ ਕੀਤੀ ਤੁਸਾਂ *ਬਾਰਬਰਦਾਰੀ ਏ ।
ਬਾਨੀ ਪਿੰਗਲਵਾੜਾ.......

ਕੱਪੜਾ ਪਹਿਨਾਇਆ ਟੁੱਕ ਮੂੰਹ ਪਾਇਆ ਤੂੰ ।
ਚੁੱਕ ਕੇ ਮੁਤਾਇਆ ਟੱਟੀ ਵੀ ਫਿਰਾਇਆ ਤੂੰ ।
ਸਾਲ ਚੌਦਾਂ ਲੂਲ੍ਹਾ ਪਿੱਠ 'ਤੇ ਉਠਾਇਆ ਤੂੰ ।
ਕੁਰਸੀਆਂ ਦੀ ਥਾਂ ਕੀਤੀ ਧਰਤੀ ਪਿਆਰੀ ਏ ।
ਬਾਨੀ ਪਿੰਗਲਵਾੜਾ.......

ਭੋਂ 'ਤੇ ਖਿਡਾਇਆ ਭੋਂ 'ਤੇ ਬਿਠਾਇਆ ਤੂੰ ।
ਭੋਂ 'ਤੇ ਲਿਟਾਇਆ ਭੋਂ 'ਤੇ ਸੁਆਇਆ ਤੂੰ ।
ਸਾਲ ਚੌਦਾਂ ਚੌਂਕੜਾ ਭੋਂ 'ਤੇ ਜਮਾਇਆ ਤੂੰ ।
ਕੁਰਸੀਆਂ ਦੀ ਥਾਂ ਕੀਤੀ ਧਰਤੀ ਪਿਆਰੀ ਏ ।
ਬਾਨੀ ਪਿੰਗਲਵਾੜਾ.....

ਹੁਣ ਤਕ ਸੇਵਾ ਲੂਲ੍ਹੇ ਵਾਲੀ ਜੋ ਨਿਭਾਈ ਏ ।
ਸੇਵਾ ਲੂਲ੍ਹੇ ਵਾਲੀ ਰੱਬੀ ਸੇਵਾ ਨਜ਼ਰ ਆਈ ਏ ।

*ਬਾਰਬਰਦਾਰੀ-ਭਾਰ ਚੁੱਕਣਾ



ਇਹ ਸੱਚੀ ਸੇਵਾ ਡੇਹਰਾ ਸਾਹਿਬ ਦੀ ਕਮਾਈ ਏ ।
ਅਮਾਨਤ ਗੁਰੂ ਦੀ ਇਹ ਦਾਤ ਵੱਡੀ ਪਿਆਰੀ ਏ ।
ਬਾਨੀ ਪਿੰਗਲਵਾੜਾ.....

ਪਿੰਗਲਵਾੜੇ ਵਾਲਾ ਬਣ ਗਿਆ ਜੋ ਅਦਾਰਾ ਏ ।
ਰੋਗੀਆਂ ਅਨਾਥਾਂ ਵਾਲਾ ਬਣ ਗਿਆ ਸਹਾਰਾ ਏ ।
ਰੱਬ ਦੀਆਂ ਦਾਤਾਂ ਵਾਲਾ ਚੱਲ ਪਿਆ ਭੰਡਾਰਾ ਏ ।
ਉਹੀਓ ਲੂਲ੍ਹਾ ਬੱਚਾ ਪਿੰਗਲਵਾੜੇ ਦਾ ਦਰਬਾਰੀ ਏ ।
ਬਾਨੀ ਪਿੰਗਲਵਾੜਾ.....

ਦਾਨ ਮੰਗ-ਮੰਗ ਕੇ ਅਨਾਥਾਂ ਨੂੰ ਖਿਲਾਨਾ ਏਂ ।
ਸਭ ਨਾਲ ਪਿਆਰ ਕਰ ਖ਼ੁਸ਼ੀ ਨੂੰ ਮਨਾਨਾ ਏਂ ।
ਰੋਗੀਆਂ ਨੂੰ ਦੇਖ ਦੇਖ ਦਰਦ ਵੰਡਾਨਾ ਏਂ ।
ਛੱਡ ਕੇ ਅਮੀਰੀ ਨੂੰ ਫ਼ਕੀਰੀ ਕੀਤੀ ਪਿਆਰੀ ਏ ।
ਬਾਨੀ ਪਿੰਗਲਵਾੜਾ.....

ਗ਼ਰੀਬੀ ਮਸਕੀਨੀ ਸਭ ਤੇਰੇ ਹਿੱਸੇ ਆਈ ਏ ।
ਆਜਜ਼ੀ ਫ਼ਕੀਰੀ ਤੂੰ ਕਰ ਕੇ ਵਿਖਾਈ ਏ ।
ਮਾਨ ਗ਼ਰੂਰ ਖ਼ੁਦੀ ਨੇੜੇ ਨਹੀਂ ਆਈ ਏ ।
*ਗ਼ਦਾਗ਼ਰੀ ਦੇ ਭੇਸ ਵਿਚ ਲੁਕੀ ਸਰਦਾਰੀ ਏ ।
ਬਾਨੀ ਪਿੰਗਲਵਾੜਾ.....

ਸੱਚੇ ਦਰਵੇਸ਼ ਦਾ ਇਹ ਫ਼ਰਮਾਣਾ ਏ ।
ਪਿੰਗਲਵਾੜਾ ਦਾਨ ਕਦੇ ਭੁੱਲ ਨਹੀਂ ਜਾਣਾ ਏ ।
ਆਪਣੀ ਕਮਾਈ ਨੂੰ ਸਫਲ ਕਰਾਣਾ ਏ ।
ਸੱਚੇ ਸੌਦੇ ਵਾਲਾ 'ਆਜਿਜ਼' ਭਗਤ ਵਪਾਰੀ ਏ ।
ਬਾਨੀ ਪਿੰਗਲਵਾੜਾ......

*ਗਦਾਗਰੀ-ਭੀਖ ਮੰਗਣਾ

## ਲੂਲ੍ਹਾ ਰੱਬ

ਚੁੱਕ ਡੇਹਰਾ ਸਾਹਿਬ ਅੱਗੋਂ,
ਜਿਸਨੂੰ ਛਾਤੀ ਦੇ ਨਾਲ ਲਾਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।
ਰੱਬ ਨੂੰ ਮਾਂ ਮਿਲ ਗਈ ਸੀ,
ਸੇਵਾ ਦਿਨੇ ਰਾਤ ਪਈ ਕਰਦੀ ।
ਮਿਲਦਾ ਨਿੱਘ ਗੋਦੀ ਦਾ,
ਜਦ ਪੈਂਦੀ ਹੱਡ ਠਾਰਵੀਂ ਸਰਦੀ ।
ਬਣ ਕੇ ਮਾਂ ਲੂਲ੍ਹੇ ਦੀ,
ਭਗਤ ਜੀ ਮਾਂ ਦਾ ਫ਼ਰਜ਼ ਨਿਭਾਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।
ਜਦ ਦਾਸ ਤੋਂ ਸਿੰਘ ਬਣਿਆ,
ਉਮਰ ਸੀ ਤੀਹ ਕੁ ਸਾਲ ਦੀ ਹੋਈ ।
ਰੱਬ ਨੂੰ ਚੁੱਕ ਕੰਧਿਆਂ 'ਤੇ,
ਤੱਕ ਲਈ ਉਸ ਮਾਲਕ ਦੀ ਢੋਈ ।
ਪੂਰਨ ਦੇ ਕੰਧਿਆਂ 'ਤੇ ਬਹਿ ਰੱਬ,
ਗੁਰੂ ਨਗਰੀ ਵਿਚ ਆਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।
ਆਪਣੇ ਰੱਬ ਲਈ ਜਿਊਂਦਾ ਸੀ,
ਸੀ ਉਹ ਆਪਣੇ ਰੱਬ ਲਈ ਮਰਦਾ ।
ਪੂਰਨ ਰੱਬ ਲੂਲ੍ਹੇ ਦੇ,
ਹਾਸਿਆਂ ਨੂੰ ਸਿਜਦੇ ਸੀ ਕਰਦਾ ।
ਇਸ ਪਿੰਗਲਵਾੜੇ ਦਾ,
ਲੂਲ੍ਹਾ ਨੀਂਹ ਪੱਥਰ ਅਖਵਾਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।
ਇਸ ਲੂਲ੍ਹੇ ਰੱਬ ਸਦਕੇ,



ਪੂਰਨ ਰਿਹਾ ਨਾ ਅੱਧ ਅਧੂਰਾ ।
ਡਾਕਟਰ ਇੰਦਰਜੀਤ ਬਣੀ ਬੀਬੀ,
ਪੂਰਨ ਸਿੰਘ ਵੀ ਬਣ ਗਿਆ ਪੂਰਾ ।
ਸੇਵਾ ਮਿਲ ਗਈ ਬੀਬੀ ਨੂੰ,
ਬੀਬੀ ਜੀ ਨੇ ਬਚਨ ਪੁਗਾਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।
ਬੀਬੀ ਦੀ ਰੂਹ ਅੰਦਰ
ਉੱਗਿਆ ਜੋ ਭਗਤ ਜੀ ਬੋਇਆ ।
ਰੱਬ ਲੂਲ੍ਹੇ ਤੋਂ ਪਹਿਲਾਂ
ਭਗਤ ਜਾ ਦਰਗਾਹ ਵਿਚ ਖਲੋਇਆ,
'ਜੱਸਿਆ' ਉਹ ਨਹੀਂ ਲੂਲ੍ਹਾ ਸੀ
ਬਲਕਿ ਰੱਬ ਲੂਲ੍ਹਾ ਬਣ ਆਇਆ ।
ਔਹ ਚਾਰ ਕੁ ਸਾਲਾਂ ਦਾ,
ਲੂਲ੍ਹਾ ਰੱਬ ਧਰਤੀ 'ਤੇ ਆਇਆ ।

ਜੈ ਸਿੰਘ 'ਜੱਸਾ'
ਪ੍ਰਸ਼ਾਸਕ
(ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਅੰਮ੍ਰਿਤਸਰ ।
M-099150-38294

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਅਤੇ ਪ੍ਰਾਪਤੀਆਂ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸਾਂ ਵਿੱਚ ਭੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ:** 1792 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ :-** *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ, *ਐਂਬੂਲੈਂਸ ਅਤੇ ਟਰੌਮਾ ਵੈਨ, *ਮਸਨੂਈ ਅੰਗ ਕੇਂਦਰ, *ਫਿਜ਼ਿਓਥੇਰੈਪੀ ਸੈਂਟਰ, *ਡੈਂਟਲ ਕਲੀਨਿਕ * ਅਲਟਰਾ ਸਾਊਂਡ ਸੈਂਟਰ * ਅੱਖਾਂ ਦਾ ਕਲੀਨਿਕ, * ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,* ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, * ਮੁੜ-ਵਸੇਬਾ ਕੇਂਦਰ, * ਆਪਣਾ ਘਰ, * ਖੇਡਾਂ ਦੇ ਕਮਰੇ, * ਯੋਗ ਲੜਕੇ-ਲੜਕੀਆਂ ਦੇ ਵਿਆਹ ।

**ਜਾਗਰੂਕਤਾ:-** *ਪ੍ਰਿੰਟਿੰਗ ਪ੍ਰੈਸ, *ਲਾਇਬ੍ਰੇਰੀ, *ਕਿਤਾਬਚੇ ਅਤੇ ਇਸ਼ਤਿਹਾਰ, *ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਣ:-** *ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਮੀਂਹ ਦੇ ਪਾਣੀ ਦੀ ਸੰਭਾਲ, *ਦਰੱਖ਼ਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



**ਮੁਫ਼ਤ ਵਿੱਦਿਅਕ ਸਹੂਲਤਾਂ**

*ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ,ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੁੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਕਿੱਤਾ ਸਿੱਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੁੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ ਅੰਮ੍ਰਿਤਸਰ।
*ਭਗਤਪੂਰਨਸਿੰਘਗੁੰਗੇਤੇਬੋਲਿਆਂਲਈਸਕੂਲ,ਬੁੱਟਰਕਲਾਂ,ਕਾਦੀਆਂ,ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੁੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।
*ਭਗਤ ਪੂਰਨ ਸਿੰਘ ਗੁੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
*ਭਗਤ ਪੂਰਨ ਸਿੰਘ ਗੁੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਚੰਡੀਗੜ੍ਹ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ-ਅਲੱਗ ਬ੍ਰਾਂਚਾਂ ਵਿਖੇ 1792 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -320 | ਏਡਜ਼ ਵਾਲੇ | -21 |
| ਅਧਰੰਗ/ ਪੋਲੀਏ ਵਾਲੇ | -164 | ਮਿਰਗੀ ਵਾਲੇ | -199 |
| ਮੰਦ-ਬੁੱਧੀ ਵਾਲੇ | -475 | ਕੈਂਸਰ ਵਾਲੇ | -03 |
| ਗੂੰਗੇ ਬੋਲੇ | -193 | ਸ਼ੂਗਰ ਵਾਲੇ | -100 |
| ਬਜ਼ੁਰਗ | -123 | ਸਕੂਲ ਜਾਣ ਵਾਲੇ ਬੱਚੇ | -81 |
| ਜ਼ਖ਼ਮਾਂ ਵਾਲੇ | -19 | ਛੱਡੇ ਗਏ ਬੱਚੇ | -04 |
| ਟੀ.ਬੀ. ਵਾਲੇ | -22 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -37 | | |

**31 ਅਕਤੂਬਰ 2019 ਤਕ ਕੁੱਲ ਰੋਗੀਆਂ ਦੀ ਗਿਣਤੀ** ***1792**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 349 |
| 2. ਮਾਨਾਂਵਾਲਾ ਕੰਪਲੈਕਸ | 851 |
| 3. ਪੰਡੋਰੀ ਵੜੈਚ ਬ੍ਰਾਂਚ | 100 |
| 4. ਗੋਇੰਦਵਾਲ ਬ੍ਰਾਂਚ | 86 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 247 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 120 |
| **ਕੁੱਲ ਮਰੀਜ਼** | **1792** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

(ੲ) **ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੁਵਿਧਾ ਪ੍ਰਾਪਤ ਹੈ ।

**(ਸ) ਖੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ ’ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ । ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ। ਸੰਨ 2019 ਵਿੱਚ ਭਗਤ ਜੀ ਦੀ ਬਰਸੀ ’ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 204 ਯੂਨਿਟ ਖ਼ੂਨ ਇਕੱਠਾ ਹੋਇਆ ।

**(ਹ) ਬਨਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 13668 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ



ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ। ਲੋੜ ਪੈਣ ’ਤੇ ਸਪੈਸ਼ਲ ਓਪਰੇਸ਼ਨ ਥਿਏਟਰ ਵਿੱਚ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਹਰ ਤਰ੍ਹਾਂ ਦੇ ਓਪਰੇਸ਼ਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਆਧੁਨਿਕ ਓਪਰੇਸ਼ਨ ਥਿਏਟਰ ਦੀ ਸੁਵਿਧਾ ਪ੍ਰਾਪਤ ਹੈ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਮੇਨ ਬ੍ਰਾਂਚ, ਮਾਨਾਂਵਾਲਾ ਬ੍ਰਾਂਚ, ਪਲਸੋਰਾ ਬ੍ਰਾਂਚ ਅਤੇ ਸੰਗਰੂਰ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਇਹ ਕੇਂਦਰ ਸੰਗਰੂਰ ਅਤੇ ਪਲਸੋਰਾ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ ’ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ

ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :** ਇੱਥੇ ਗ਼ਰੀਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ ੬੫ ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ :-**

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 210 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੁਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਪਿੰਗਲਵਾੜਾ ਦੇ 210 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) RCI ਦੇ ਅਧੀਨ :-**

ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼: ਇਸ ਇੰਸਟਚਿਊਟ ਵਿੱਚ ਗੂੰਗੇ ਅਤੇ ਮੰਦ-ਬੁੱਧੀ ਬੱਚਿਆਂ ਲਈ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਸਤੇ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 69 ਬੱਚੇ ਮੁਫ਼ਤ ਵਿੱਦਿਆ ਲੈ ਰਹੇ ਹਨ ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ:-** ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :-** ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 436 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।



**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ :-** ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ, ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) :-** ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ:-** ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।**

**(ਝ) ਹੋਸਟਲ ਦਾ ਪ੍ਰਬੰਧ :-** ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 198 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ :-** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

**(ੳ) ਨਰਸਰੀ :-** ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ :-** ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ

ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

**(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)**

**(ਕ) ਸੋਲਰ ਪਾਵਰ ਊਰਜਾ**

**ਪੂਰਨ ਪ੍ਰਿੰਟਿੰਗ ਪ੍ਰੈਸ :-** ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਜਿਸ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ ਲਗਪਗ 1 ਕਰੋੜ 50 ਲੱਖ ਰੁਪਏ ਹੈ।

## ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:- ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ ਸ਼ੁਭ ਕਰਮਨ ।

(v) Pingalwara Educational Endeavours

(vi) ਕਿਰਤੀ ਅਤੇ ਸੱਭਿਆਚਾਰਕ ਮੇਲਾ ਫਿਲਮ ।

(vii) ਕੁਦਰਤੀ ਖੇਤੀ (Natural Farming)

(viii) ਪਾਣੀ ਦੀ ਸਮੱਸਿਆ

(ix) ਦਰਖ਼ਤ

**(x) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**: ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(xi) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xii) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ

2004 ਨੂੰ ਸਮਰਪਿਤ ਹੈ।

**(xiii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ, ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

**1.** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. ਅ 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰ. AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਨੰ. 115210002 ਹੈ।

4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਹੈ ਜੋ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

5. ਵਿਦੇਸ਼ਾਂ ਵਿੱਚ ਵੀ ਪਿੰਗਲਵਾੜਾ ਸੰਸਥਾ ਦੇ ਦਫ਼ਤਰ:- ਇਸ ਤੋਂ ਇਲਾਵਾ ਕੈਨੇਡਾ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਅੰਟਾਰੀਓ" ਅਤੇ ਇੰਗਲੈਂਡ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਯੂ.ਕੇ" ਪਿੰਗਲਵਾੜਾ ਦੇ ਦਫ਼ਤਰ ਸਥਾਪਿਤ ਹਨ।

ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥

ਡਾ: ਇੰਦਰਜੀਤ ਕੌਰ

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | (FOR FOREIGN CONTRIBUTORS) | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | (FOR INLAND CONTRIBUTORS) | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **(IN UK)**<br>**S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ